ਡਿਜੀਟਲ ਦੋਮਾਹੀ ਪੱਤਰ ਅੰਕ : 1, ਨੰ: 3 (ਨਵੰਬਰ - ਦਸੰਬਰ, 2020)

www.gadvasu.in

# ਪਸ਼ੂ ਪਾਲਣ ਸੁਨੇਹੇ



## ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ (ਪੰਜਾਬ)

Vol 1, No 3, (November-December, 2020) 'PASHU PALAN SUNEHE' ਅੰਕ 1, ਨੰ 3 (ਨਵੰਬਰ - ਦਸੰਬਰ, 2020)

**ਸੰਪਾਦਕੀ ਬੋਰਡ**

ਚੇਅਰਮੈਨ :

ਡਾ. ਪ੍ਰਕਾਸ਼ ਸਿੰਘ ਬਰਾੜ

ਨਿਰਦੇਸ਼ਕ ਪਸਾਰ ਸਿੱਖਿਆ

**ਮੈਂਬਰ :**

ਡਾ. ਸੁਰੇਸ਼ ਕੁਮਾਰ ਕਾਂਸ਼ਲ

ਡਾ. ਮੀਰਾ ਡੀ ਆਂਸਲ

ਡਾ. ਪ੍ਰਲਾਦ ਸਿੰਘ ਤਨਵਰ

ਡਾ. ਐੱਸ ਸ਼ਿਵਾ ਕੁਮਾਰ

**ਸੰਪਾਦਕ :**

ਡਾ. ਰਾਕੇਸ਼ ਕੁਮਾਰ ਸ਼ਰਮਾ

ਡਾ. ਜਸਵਿੰਦਰ ਸਿੰਘ

ਡਾ. ਹਰਪ੍ਰੀਤ ਸਿੰਘ

**ਸੰਪਰਕ :**

ਨਿਰਦੇਸ਼ਾਲਾ ਪਸਾਰ ਸਿੱਖਿਆ

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼, ਯੂਨੀਵਰਸਿਟੀ ਲੁਧਿਆਣਾ

0161-2553364

deegadvasuldh@gmail.com

Visit & Subscribe - youTube channel :
gadvasu farmer friendly e-extension

## ਮੱਛੀਆਂ ਵੀ ਖਾਓ ਅਤੇ ਸਬਜ਼ੀਆਂ ਵੀ ਉਗਾਓ

### ਕੇਂਦਰੀ ਮੰਤਰੀ ਨੇ ਕੀਤਾ ਵੈਟਨਰੀ ਯੂਨੀਵਰਸਿਟੀ ਵਿਖੇ ਜਲ ਵਿਚ ਜੀਵ ਅਤੇ ਬਨਸਪਤੀ ਪੈਦਾ ਕਰਨ ਦੀ ਇਕਾਈ ਦਾ ਉਦਘਾਟਨ

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਫ਼ਿਸ਼ਰੀਜ਼ ਕਾਲਜ ਵਿਖੇ 'ਪਾਣੀ ਵਿਚ ਸਬਜ਼ੀਆਂ ਜਾਂ ਬਨਸਪਤੀ ਪੈਦਾ ਕਰਨ ਦੇ ਸਿਸਟਮ' ਦਾ ਉਦਘਾਟਨ ਕੇਂਦਰੀ ਸਰਕਾਰ ਦੇ ਰਾਜ ਮੰਤਰੀ, ਸ਼੍ਰੀ ਸੰਜੈ ਧੋਤਰੇ (ਸਿੱਖਿਆ, ਸੰਚਾਰ, ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲਾ) ਨੇ ਆਨਲਾਈਨ ਕੰਪਿਊਟਰੀ ਮਾਧਿਅਮ ਨਾਲ ਕੀਤਾ। ਵੈਟਨਰੀ ਕਾਲਜ ਵਿਖੇ ਇਸ ਇਕਾਈ ਦੀ ਸਥਾਪਨਾ ਸੈਂਟਰ ਫਾਰ ਡਿਵੈਲਪਮੈਂਟ ਆਫ ਐਡਵਾਂਸਡ ਕੰਪਿਊਟਿੰਗ ਮੋਹਾਲੀ ਵਲੋਂ ਕੀਤੀ ਗਈ ਹੈ, ਜੋ ਕਿ ਇਸ ਮੰਤਰਾਲੇ ਵਲੋਂ ਵਿਤੀ ਸਹਾਇਤਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਮੌਕੇ ਸੰਬੋਧਨ ਹੁੰਦਿਆਂ ਸ਼੍ਰੀ ਧੋਤਰੇ ਨੇ ਕਿਹਾ ਕਿ ਭੋਜਨ ਉਤਪਾਦ ਖੇਤਰ ਰਾਹੀਂ ਕਿਸਾਨਾਂ ਦੀ ਆਮਦਨ ਦੁਗਣੀ ਕਰਨ ਲਈ ਅਤੇ ਮੌਸਮੀ ਤਬਦੀਲੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਅਜਿਹੇ ਉਤਪਾਦਕ ਢਾਂਚੇ ਬਹੁਤ ਲਾਹੇਵੰਦ ਸਾਬਿਤ ਹੁੰਦੇ ਹਨ। ਉਨ੍ਹਾਂ ਕਿਹਾ ਕਿ ਜਿਥੇ ਇਸ ਢੰਗ ਨਾਲ ਸਾਨੂੰ ਜੈਵਿਕ ਉਪਜ ਪ੍ਰਾਪਤ ਹੋਵੇਗੀ ਉਥੇ ਵਾਤਾਵਰਣ ਅਤੇ ਮਨੁੱਖੀ ਸਿਹਤ ਨੂੰ ਵੀ ਇਸ ਦਾ ਬਹੁਤ ਫਾਇਦਾ ਮਿਲਦਾ ਹੈ।

ਡਾ. ਇੰਦਰਜੀਤ ਸਿੰਘ, ਉਪ-ਕੁਲਪਤੀ, ਵੈਟਨਰੀ ਯੂਨੀਵਰਸਿਟੀ ਨੇ ਕਿਹਾ ਕਿ ਜਲ ਵਿਚ ਜੀਵ ਪਾਲਣ ਅਤੇ ਜਲ ਵਿਚ ਬਨਸਪਤੀ ਉਪਜਾਉਣ ਦਾ ਇਹ ਸਹਿਯੋਗੀ ਪ੍ਰਬੰਧ ਬਹੁਤ ਵਧੀਆ ਢਾਂਚਾ ਹੈ ਅਤੇ ਇਸ ਨਾਲ ਖੁਰਾਕ ਵਿਚ ਜ਼ਿਆਦਾ ਪੌਸ਼ਟਿਕ ਤੱਤ ਮਿਲਦੇ ਹਨ ਅਤੇ ਪਾਣੀ ਨੂੰ ਦੋਨਾਂ ਕਾਰਜਾਂ ਵਾਸਤੇ ਭਾਵ ਮੱਛੀ ਪਾਲਣ ਅਤੇ ਸਬਜ਼ੀ ਉਗਾਉਣ ਲਈ ਵਰਤਿਆ ਜਾ ਸਕਦਾ ਹੈ। ਉਨ੍ਹਾਂ ਇਹ ਵੀ ਜਾਣਕਾਰੀ ਸਾਂਝੀ ਕੀਤੀ ਕਿ ਆਲਮੀ ਤਪਸ਼ ਨੂੰ ਘਟਾਉਣ ਵਿਚ ਅਤੇ ਪਾਣੀ ਦੀ ਬਚਤ ਕਰਨ ਵਿਚ ਇਸ ਢਾਂਚੇ ਦੇ ਬਹੁਤ ਫਾਇਦੇ ਹਨ। ਵੈਟਨਰੀ ਯੂਨੀਵਰਸਿਟੀ ਵਿਖੇ ਇਸ ਦੀ ਸਥਾਪਨਾ ਨਾਲ ਅਸੀਂ ਕਿਸਾਨਾਂ ਨੂੰ ਇਸ ਢੰਗ ਦੀ ਉਪਜ ਪੈਦਾ ਕਰਨ ਵਿਚ ਬਿਹਤਰ ਤਰੀਕੇ ਨਾਲ ਸਿੱਖਿਅਤ ਕਰ ਸਕਾਂਗੇ ਅਤੇ ਪਾਣੀ ਦਾ ਦੋਹਰਾ ਫਾਇਦਾ ਲੈ ਸਕਾਂਗੇ। ਇਸ ਮੌਕੇ ਡਾ. ਹੇਮੰਤ ਦਰਬਾਰੀ, ਮਹਾਂਨਿਰਦੇਸ਼ਕ, ਸੈਂਟਰ ਫਾਰ ਡਿਵੈਲਪਮੈਂਟ ਆਫ ਐਡਵਾਂਸਡ ਕੰਪਿਊਟਿੰਗ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਇਹ ਢਾਂਚਾ ਸਥਾਪਿਤ ਹੋਣ ਨਾਲ ਖੋਜ ਅਤੇ ਵਿਕਾਸ ਕੰਮ ਨੂੰ ਨਵੀਂ ਦਿਸ਼ਾ ਮਿਲੇਗੀ।



# ਕੁੱਤਿਆਂ ਦੇ ਬਲੱਡ ਬੈਂਕ ਸੰਬੰਧੀ ਰਾਜਪਾਲ ਪੰਜਾਬ ਨੇ ਵੈਟਨਰੀ ਯੂਨੀਵਰਸਿਟੀ ਦੀ ਕੀਤੀ ਪ੍ਰਸ਼ੰਸਾ

ਸ਼੍ਰੀ ਵੀ ਪੀ ਸਿੰਘ ਬਦਨੌਰ, ਰਾਜਪਾਲ, ਪੰਜਾਬ ਨੇ ਜਾਨਵਰਾਂ ਦੀ ਭਲਾਈ ਅਤੇ ਜਨਤਕ ਹਿਤ ਸੰਬੰਧੀ ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਕਾਰਜਾਂ ਦੀ ਪ੍ਰਸ਼ੰਸਾ ਕਰਦਿਆਂ ਆਪਣੇ ਟਵਿੱਟਰ ਅਕਾਊਂਟ 'ਤੇ ਵਧਾਈ ਦਿੱਤੀ। ਸ਼੍ਰੀ ਬਦਨੌਰ ਦੇ ਟਵਿੱਟਰ ਹੈਂਡਲ 'ਤੇ ਇਹ ਸੁਨੇਹਾ ਪੋਸਟ ਕੀਤਾ ਗਿਆ "ਮੈਂ ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਨੂੰ ਉੱਤਰੀ ਭਾਰਤ ਵਿਚ ਬਿਮਾਰ ਅਤੇ ਜ਼ਖ਼ਮੀ ਕੁੱਤਿਆਂ ਨੂੰ ਖ਼ੂਨ, ਪਲੈਟਲੇਟਸ ਅਤੇ ਪਲਾਜ਼ਮਾ ਦੇਣ ਸੰਬੰਧੀ ਸਥਾਪਿਤ ਕੀਤੇ ਪਹਿਲੇ ਬਲੱਡ ਬੈਂਕ ਸੰਬੰਧੀ ਯੂਨੀਵਰਸਿਟੀ ਫੈਕਲਟੀ ਨੂੰ ਵਧਾਈ ਦਿੰਦਾ ਅਤੇ ਸ਼ਲਾਘਾ ਕਰਦਾ ਹਾਂ"। ਇਸ ਵਧਾਈ ਸੁਨੇਹੇ ਦੇ ਉਤਰ ਵਿਚ ਵੈਟਨਰੀ ਯੂਨੀਵਰਸਿਟੀ ਨੇ ਵੀ ਆਪਣੇ ਟਵਿੱਟਰ ਖਾਤੇ ਰਾਹੀਂ ਲਿਖਿਆ ਕਿ "ਡਾ. ਇੰਦਰਜੀਤ ਸਿੰਘ ਉਪ-ਕੁਲਪਤੀ, ਵੈਟਨਰੀ ਯੂਨੀਵਰਸਿਟੀ ਅਤੇ ਸੰਪੂਰਨ ਫੈਕਲਟੀ, ਰਾਜਪਾਲ ਪੰਜਾਬ ਦੀ ਧੰਨਵਾਦੀ ਹੈ ਕਿ ਉਨ੍ਹਾਂ ਨੇ ਸੰਸਥਾ ਦੇ ਕੰਮ ਨੂੰ ਪਛਾਣਿਆ ਹੈ"। ਯੂਨੀਵਰਸਿਟੀ ਨੇ ਆਪਣੀ ਪੋਸਟ ਵਿਚ ਇਹ ਵੀ ਲਿਖਿਆ ਹੈ ਕਿ ਉਹ ਪਸ਼ੂ ਪਾਲਕਾਂ ਅਤੇ ਪਾਲਤੂ ਜਾਨਵਰਾਂ ਦੇ ਮਾਲਕਾਂ ਨੂੰ ਵਿਸ਼ਵ ਪੱਧਰੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਯਤਨਸ਼ੀਲ ਰਹੇਗੀ। ਇਥੇ ਦੱਸਣਾ ਵਰਣਨਯੋਗ ਹੈ ਕਿ ਵੈਟਨਰੀ ਯੂਨੀਵਰਸਿਟੀ ਵਿਖੇ ਇਸ ਬਲੱਡ ਬੈਂਕ ਦੀ ਸਥਾਪਨਾ ਨਾਲ ਬਿਮਾਰ ਅਤੇ ਜ਼ਖ਼ਮੀ ਕੁੱਤੇ ਜਿਨ੍ਹਾਂ ਨੂੰ ਖ਼ੂਨ ਦੀ ਲੋੜ ਹੈ ਉਨ੍ਹਾਂ ਨੂੰ ਬਹੁਤ ਫਾਇਦਾ ਹੋਵੇਗਾ ਅਤੇ ਉਨ੍ਹਾਂ ਦੀ ਜਾਨ ਬਚਾਉਣ ਵਿਚ ਮਦਦ ਮਿਲੇਗੀ। ਲੋਕ ਪਾਲਤੂ ਜਾਨਵਰਾਂ ਨੂੰ ਆਪਣੇ ਪਰਿਵਾਰ ਦੇ ਜੀਅ ਵਾਂਗ ਪਿਆਰਦੇ ਹਨ। ਇਸ ਲਈ ਪਾਲਤੂ ਜਾਨਵਰਾਂ ਦੇ ਮਾਲਕ ਵੀ ਇਸ ਸਹੂਲਤ ਸੰਬੰਧੀ ਖੁਸ਼ੀ ਮਹਿਸੂਸ ਕਰਦੇ ਹਨ। ਯੂਨੀਵਰਸਿਟੀ ਪਸ਼ੂਆਂ ਅਤੇ ਛੋਟੇ ਜਾਨਵਰਾਂ ਦੇ ਇਲਾਜ ਸੰਬੰਧੀ ਬੜੀਆਂ ਉਨੱਤ ਮਸ਼ੀਨਾਂ, ਬਿਹਤਰ ਤਕਨੀਕਾਂ ਅਤੇ ਮਾਹਿਰ ਡਾਕਟਰਾਂ ਰਾਹੀਂ ਬੜੇ ਨਿੱਗਰ ਉਪਰਾਲੇ ਕਰ ਰਹੀ ਹੈ। ਯੂਨੀਵਰਸਿਟੀ ਦੇ ਪਸ਼ੂ ਹਸਪਤਾਲ ਵਿਖੇ ਹਰ ਸਾਲ 30 ਹਜਾਰ ਤੋਂ ਵਧੇਰੇ ਜਾਨਵਰਾਂ ਦਾ ਇਲਾਜ ਕੀਤਾ ਜਾਂਦਾ ਹੈ ਜਿਨ੍ਹਾਂ ਵਿਚ 20 ਹਜਾਰ ਤੋਂ ਵਧੇਰੇ ਛੋਟੇ ਪਾਲਤੂ ਜਾਨਵਰ ਹੁੰਦੇ ਹਨ।

## ਲਵੇਰੀਆਂ 'ਚ ਸੂਣ ਸਮੇਂ ਸਾਵਧਾਨੀਆਂ

ਮੱਝਾਂ ਦਾ ਸੂਆ ਅਕਸਰ ਸੌਣ-ਭਾਦੋਂ ਵਿਚ ਸ਼ੁਰੂ ਹੋ ਜਾਂਦਾ ਹੈ। ਇਸ ਸਮੇਂ ਸੁਚੱਜੀ ਦੇਖਭਾਲ ਕਰਨ ਨਾਲ ਲਵੇਰੀਆਂ ਨੂੰ ਕੋਈ ਵੱਡੀ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਸਿੱਟੇ ਵਜੋਂ ਉਹ ਸਾਰੇ ਸੂਏ ਵਿਚ ਪੂਰਾ ਦੁੱਧ ਦੇਦੀਆਂ ਹਨ। ਸੁਚੱਜੀ ਸੰਭਾਲ ਵਿਚ ਹੇਠ ਲਿਖੇ ਕੁੱਝ ਮਹੱਤਵਪੂਰਣ ਪਹਿਲੂ ਆਉਂਦੇ ਹਨ।

1. ਸੂਣ ਲਈ ਤਿਆਰ ਲਵੇਰੀਆਂ ਦੀ ਲਿਸਟ ਪਹਿਲਾਂ ਹੀ ਬਣਾ ਕੇ ਰੱਖੋ।
2. ਸੂਣ ਤੋਂ ਲੱਗਭਗ ਦੋ ਹਫਤੇ ਪਹਿਲਾਂ ਲਵੇਰੀਆਂ ਨੂੰ ਬਾਕੀ ਵੱਗ ਤੋਂ ਵੱਖਰਾ ਰੱਖੋ ਅਤੇ ਅੱਧਾ-ਪੌਣਾ ਕਿਲੋ ਕਣਕ ਦਾ ਦਲੀਆ ਪਾਉਣਾ ਸ਼ੁਰੂ ਕਰੋ।
3. ਲਵੇਰੀਆਂ ਦੇ ਥੱਲੇ ਸੁੱਕ ਜ਼ਰੂਰ ਵਿਛਾਓ।
4. ਵੱਖ ਕੀਤੀਆਂ ਲਵੇਰੀਆਂ ਨੂੰ ਸੂਣ ਦੀਆਂ ਨਿਸ਼ਾਨੀਆਂ ਲਈ ਸਵੇਰੇ ਅਤੇ ਸ਼ਾਮ ਜ਼ਰੂਰ ਤੱਕੋ। ਦਿਨ ਵਿਚ ਵੀ ਦੋ ਤਿੰਨ ਵਾਰੀ ਨਿਗ੍ਹਾ ਮਾਰੋ।
5. ਪਹਿਲੀ ਮਟਿਆਂਡੀ ਆਉਣ ਨਾਲ ਹੀ ਪ੍ਰਸੂਤੀ ਦਰਦਾਂ ਸ਼ੁਰੂ ਹੋ ਜਾਂਦੀਆਂ ਹਨ। ਸੁਆਂਦੜ ਲਵੇਰੀਆਂ ਅਕਸਰ 1-4 ਘੰਟੇ ਅੰਦਰ ਜਦਕਿ ਪਹਿਲੜ ਝੋਟੀਆਂ/ਵਹਿੜਾਂ 2-6 ਘੰਟੇ ਅੰਦਰ ਸੂਅ ਪੈਂਦੀਆਂ ਹਨ।
6. ਇਸ ਸਮੇਂ ਲਵੇਰੀ ਨੂੰ ਸੰਗਲ ਜਾਂ ਮੂਹਰੀ ਪਾ ਕੇ ਬੰਨ ਲੈਣਾ ਲਾਹੇਵੰਦ ਰਹਿੰਦਾ ਹੈ। ਬੰਨਣ ਵੇਲੇ ਖਿਆਲ ਰੱਖੋਂ ਕਿ ਉਸਨੂੰ ਕਿਸੇ ਨੀਵੀਂ ਜਗ੍ਹਾ ਉੱਪਰ ਹੀ ਬੰਨਿਆ ਜਾਵੇ।
7. ਇੰਨੇ ਸਮੇਂ ਅੰਦਰ ਕੋਈ ਪ੍ਰਗਤੀ ਨਾ ਹੋਣ ਦੀ ਸੂਰਤ ਵਿਚ ਲਵੇਰੀ ਦਾ ਮੁਆਇਨਾ ਕਰੋ। ਇਸ ਸਮੇਂ ਸਫਾਈ ਦਾ ਪੂਰਾ ਖਿਆਲ ਰੱਖੋ।
8. ਜੇਕਰ ਬੱਚੇ ਦੀ ਬੂਥੀ ਅਤੇ ਦੋਨੋ ਅਗਲੀਆਂ ਲੱਤਾਂ ਆ ਰਹੀਆਂ ਹੋਣ ਅਤੇ ਦੋਨੋ ਖੂੰਡਰੂ ਪੰਜ ਕੁ ਇੰਚ ਬਾਹਰ ਹੋਣ ਤਾਂ ਬੱਚੇ ਨੂੰ ਖਿੱਚ ਕੇ ਬਾਹਰ ਕੱਢਿਆ ਜਾ ਸਕਦਾ ਹੈ। ਇਸੇ ਤਰਾਂ ਦੋਨੋ ਪਿਛਲੀਆਂ ਲੱਤਾਂ ਦੇ ਗੋਡੇ ਬਾਹਰ ਆਣ ਸਮੇਂ ਵੀ ਬੱਚੇ ਨੂੰ ਬਾਹਰ ਕੱਢਣ ਵਿਚ ਮੱਦਦ ਕੀਤੀ ਜਾ ਸਕਦੀ ਹੈ।
9. ਬੱਚੇ ਨੂੰ ਬਾਹਰ ਕੱਢਣ ਲਈ ਜੋਰ ਉਦੋਂ ਹੀ ਲਗਾਉਣਾ ਚਾਹੀਦਾ ਹੈ ਜਦੋਂ ਲਵੇਰੀ ਖੁੱਦ ਜੋਰ ਮਾਰ ਰਹੀ ਹੋਵੇ।
10. ਜੇਕਰ ਬੂਥੀ ਜਾਂ ਕੋਈ ਲੱਤ ਮੁੜੀ ਹੋਈ ਹੋਵੇ ਤਾਂ ਮਾਹਰ ਡਾਕਟਰ ਦੀ ਮੱਦਦ ਲੈ ਲੈਣੀ ਚਾਹੀਦੀ ਹੈ। ਨੀਮ-ਹਕੀਮਾ ਤੋਂ ਬੱਚਣਾ ਚਾਹੀਦਾ ਹੈ।
11. ਕਿਸੇ ਦੇ ਕਹਿਣ ਤੇ ਲਵੇਰੀ ਨਾਲ ਧੱਕਾ ਨਹੀਂ ਕਰਨਾ ਚਾਹੀਦਾ। ਬੱਚੇ ਦੀ ਸਥਿਤੀ ਸਹੀ ਨਾ ਹੋਣ ਦੀ ਸੂਰਤ ਵਿਚ ਕਦੇ ਵੀ ਜੋਰ ਨਹੀਂ ਲਗਾਉਣਾ ਚਾਹੀਦਾ। ਅਜਿਹਾ ਕਰਨ ਨਾਲ ਸਥਿਤੀ ਹੋਰ ਵਿਗੜ ਸਕਦੀ ਹੈ ਅਤੇ ਬੱਚੇ ਨੂੰ ਸਿੱਧਾ ਕਰਨਾ ਮੁਸ਼ਕਲ ਹੋ ਸਕਦਾ ਹੈ।
12. ਸੂਣ ਉਪਰੰਤ ਕਟੜੂ/ਵਛੜੂ ਦੀਆਂ ਨਾਸਾਂ ਸਾਫ ਕਰੋ ਅਤੇ ਇਹ ਵੀ ਚੈੱਕ ਕਰੋ ਕਿ ਬੱਚੇ ਨੇ ਸਾਹ ਲੈਣਾ ਸ਼ੁਰੂ ਕਰ ਦਿੱਤਾ ਹੈ ਕਿ ਨਹੀਂ। ਜੇਕਰ ਨਹੀਂ ਤਾਂ ਨਾਸਾਂ ਵਿਚ ਕੋਈ ਨਰਮ ਡੱਕਾ ਫੇਰੋ। ਸਿਰ ਉੱਪਰ ਠੰਡਾ ਪਾਣੀ ਪਾਓ। ਛਾਤੀ ਨੂੰ ਹੋਲੀ ਹੋਲੀ ਦਬਾਓ।
13. ਸੂਣ ਉਪਰੰਤ ਲਵੇਰੀ ਨੂੰ ਵੀ ਚੈੱਕ ਕਰੋ। ਕਈ ਵਾਰੀ ਬੱਚੇਦਾਨੀ ਵਿਚ ਦੂਸਰਾ ਬੱਚਾ ਵੀ ਹੋ ਸਕਦਾ ਹੈ। ਬੱਚੇਦਾਨੀ ਵਿਚ ਕੋਈ ਫੱਟ ਵੀ ਪੈ ਸਕਦਾ ਹੈ।
14. ਲਿਓਟੀ ਹਵਾਨੇ ਨੂੰ ਸਾਫ ਪਾਣੀ ਨਾਲ ਧੋ ਕੇ ਕਿਸੇ ਸਾਫ ਕੱਪੜੇ ਨਾਲ ਸੁਕਾਓ ਅਤੇ ਫਿਰ ਧਾਰਾਂ ਮਾਰੋ। ਇਹ ਯਕੀਨੀ ਬਣਾਓ ਕਿ ਬਹੁਲੀ ਠੀਕਠਾਕ ਹੈ। ਇਸ ਵਿਚ ਕੋਈ ਛਿੱਦੀਆਂ ਜਾਂ ਖਰਾਬ ਦੁੱਧ ਨਹੀਂ ਆ ਰਿਹਾ।
15. ਨਾੜੂਏ ਨੂੰ ਆਇਓਡੀਨ ਦੇ ਘੋਲ ਨਾਲ ਕਿਟਾਣੂ ਰਹਿਤ ਕਰਕੇ ਕਿਸੇ ਸਾਫ ਧਾਗੇ ਨਾਲ ਬੰਨ ਦਿਓ।
16. ਸੂਣ ਤੋਂ ਦੋ ਘੰਟੇ ਅੰਦਰ ਕਟੜੂ/ਵਛੜੂ ਨੂੰ ਬਹੁਲੀ ਜ਼ਰੂਰ ਪਿਲਾਓ।
17. ਕਟੜੂ/ਵਛੜੂ ਦਾ ਸ਼ਨਾਖਤੀ ਨੰਬਰ ਲਗਾ ਕਿ ਰਜ਼ਿਸਟਰ ਵਿਚ ਸੁਆਈ ਦਾ ਪੂਰਾ ਵੇਰਵਾ ਦਰਜ਼ ਕਰੋ।
18. ਰਿਕਾਰਡ ਰਜਿਸਟਰ ਹੇਠ ਲਿਖੇ ਅਨੁਸਾਰ ਬਣਾਇਆ ਜਾ ਸਕਦਾ ਹੈ।

| ਲੜੀ ਨੰ. | ਲਵੇਰੀ ਦਾ ਸ਼ਨਾਖਤੀ ਨੰ. ਜਾਂ ਨਾਮ | ਸੂਣ ਦੀ ਤਾਰੀਖ | ਸੂਣ ਦੀ ਸਮਾਂ | ਸੁਆਈ ਦੀ ਹਾਲਤ (ਠੀਕ/ਔਖੀ) | ਜੇਰ ਪੈਣ ਦਾ ਸਮਾਂ | ਕਟੜੂ/ਵਛੜੂ | | | | ਵਿਸ਼ੇਸ਼ ਕਥਨ |
|---|---|---|---|---|---|---|---|---|---|---|
| | | | | | | ਲਿੰਗ | ਵਜ਼ਨ | ਸ਼ਨਾਖਤੀ ਨੰ. | ਸਾਨ੍ਹ ਦਾ ਨੰ. | |
| | | | | | | | | | | |

ਰਾਕੇਸ਼ ਕੁਮਾਰ ਸ਼ਰਮਾ ਅਤੇ ਜਸਵਿੰਦਰ ਸਿੰਘ

# ਦੁਧਾਰੂਆਂ ਦੀਆਂ ਜੂੰਆਂ ਅਤੇ ਚੰਮਜੂੰਆਂ

## ਜੂੰਆਂ




**ਮਿਲਣ ਵਾਲੀਆਂ ਪਰਜਾਤੀਆਂ**
- ਹੈਮੇਟੋਪਿਨੱਸ ਟਿਊਬਰਕੁਲੇਟਸ
- ਲਿਨੋਗਨਾਥੱਸ ਵਿਟੂਲੀ (ਨੀਲੀ ਜੂੰ)
- ਬੋਵਿਕੋਲਾ ਬੋਵਿਸ (ਲਾਲ ਜੂੰ)

**ਕਿੱਥੇ ਮਿਲਦੀਆਂ ਹਨ**
- ਆਮ ਤੌਰ ਤੇ ਕੰਨ, ਧੌਣ, ਮੋਢੇ, ਕੂਹਣੀ ਅਤੇ ਮੂਤਣੀ ਦੇ ਆਲੇ ਦੁਆਲੇ ਹਮਲਾ ਕਰਦੀਆਂ ਹਨ

**ਨੁਕਸਾਨ**
- ਜੂੰਆਂ ਪਸ਼ੂਆਂ ਨੂੰ ਤੰਗ ਤੇ ਪਰੇਸ਼ਾਨ ਕਰਦੀਆਂ ਹਨ ਜਿਸ ਕਾਰਨ ਪਸ਼ੂ ਵਿੱਚ ਬੇਚੈਨੀ ਤੇ ਉਨੀਂਦਰਾਪਨ ਆ ਜਾਂਦਾ ਹੈ
- ਪਸ਼ੂ ਠੀਕ ਢੰਗ ਨਾਲ ਖੁਰਾਕ ਨਹੀਂ ਲੈ ਪਾਂਦਾ ਅਤੇ ਦੁੱਧ ਉਤਪਾਦਨ ਵੀ ਘੱਟ ਜਾਂਦਾ ਹੈ
- ਜੂੰਆਂ ਚਮੜੀ ਵਿੱਚ ਸੋਜਿਸ਼, ਖੂਨ ਦੀ ਘਾਟ ਅਤੇ ਖਾਰਸ਼ ਪੈਦਾ ਕਰਦੀਆਂ ਹਨ
- ਜਿਆਦਾ ਖਾਰਸ਼ ਕਰਨ ਨਾਲ ਪਸ਼ੂ ਦੀ ਚਮੜੀ ਕੱਟ ਤੇ ਖਰਾਬ ਹੋ ਜਾਂਦੀ ਹੈ ਤੇ ਉਸ ਤੇ ਜ਼ਖ਼ਮ ਹੋ ਜਾਂਦੇ ਹਨ
- ਕੱਟੜੂਆਂ/ ਵੱਛੜੂਆਂ ਵਿੱਚ ਚਮੜੀ ਨੂੰ ਜਿਆਦਾ ਚੱਟਣ ਨਾਲ ਪੇਟ ਵਿੱਚ ਵਾਲਾਂ ਦੀਆਂ ਗੰਢਾਂ ਬਣ ਜਾਂਦੀਆਂ ਹਨ

**ਰੋਚਕ ਤੱਥ**
- ਖੂਨ ਚੂਸਨ ਵਾਲੀਆਂ ਜੂੰਆਂ ਦਾ ਸਿਰ ਨੁਕੀਲਾ ਹੁੰਦਾ ਹੈ ਅਤੇ ਚਮੜੀ ਦੇ ਸੈੱਲ, ਤੇ ਵਾਲਾਂ ਨੂੰ ਭੋਜਨ ਬਣਾਉਣ ਵਾਲੀਆਂ ਜੂੰਆਂ ਦਾ ਸਿਰ ਗੋਲ ਹੁੰਦਾ ਹੈ
- ਇਹ ਛੋਟੇ ਆਕਾਰ (2-5 ਮਿਲੀਮੀਟਰ) ਦੇ ਪਰਜੀਵੀ ਹੁੰਦੇ ਹਨ
- ਜੂੰਆਂ ਨੂੰ ਮਨੁੱਖੀ ਅੱਖਾਂ ਨਾਲ ਬਿਨਾਂ ਕਿਸੇ ਯੰਤਰ ਦੀ ਮਦਦ ਤੋਂ ਵੀ ਦੇਖਿਆ ਜਾ ਸਕਦਾ ਹੈ
- ਜੂੰਆਂ ਦੀਆਂ 6 ਲੱਤਾਂ ਹੁੰਦੀਆਂ ਹਨ
- ਜੂੰਆਂ ਦਾ ਜੀਵਨ ਕਾਲ 3-6 ਹਫਤਿਆਂ ਦਾ ਹੋ ਸਕਦਾ ਹੈ
  ਜੂੰਆਂ ਸਰਦੀ ਜਾਂ ਬਸੰਤ ਰੁੱਤ ਵਿੱਚ ਪਸ਼ੂਆਂ ਤੇ ਪਾਈਆਂ ਜਾਂਦੀਆਂ ਹਨ

## ਚੰਮਜੂੰਆਂ



**ਮਿਲਣ ਵਾਲੀਆਂ ਪਰਜਾਤੀਆਂ**
- ਸੋਰੋਪਟੀਸ ਬੋਵਿਸ
- ਡੀਮੋਡੈਕਸ ਬੋਵਿਸ
- ਸਾਰਕੋਪਟਿਸ ਬੋਵਿਸ

**ਕਿੱਥੇ ਮਿਲਦੀਆਂ ਹਨ**
- ਆਮ ਤੌਰ ਤੇ ਪੂਛ, ਮੂੰਹ, ਸਿੰਗਾਂ, ਪਿੱਠ, ਗਰਦਨ, ਮੂੰਹ, ਅਤੇ ਮੋਢੇ ਦੀ ਚਮੜੀ ਹੇਠ ਹਮਲਾ ਕਰਦੀਆਂ ਹਨ

**ਨੁਕਸਾਨ**
- ਚੰਮਜੂੰਆਂ ਪਸ਼ੂਆਂ ਵਿੱਚ ਚਮੜੀ ਦੀ ਐਲਰਜੀ ਕਰਦੀਆਂ ਹਨ ਤੇ ਉਸਨੂੰ ਮੋਟੀ ਅਤੇ ਕਠੋਰ ਬਣਾ ਦਿੰਦੀਆਂ ਹਨ
- ਪਸ਼ੂ ਨੂੰ ਤੀਬਰ ਖਾਰਸ਼/ਖੁਰਕ ਹੁੰਦੀ ਹੈ ਜਿਸ ਕਾਰਨ ਉਸਦੀ ਖੁਰਾਕ ਘੱਟ ਜਾਂਦੀ ਹੈ ਤੇ ਭਾਰ ਵੀ ਨਹੀ ਵੱਧਦਾ
- ਪਸ਼ੂ ਦੇ ਵਾਲ ਝੜ ਜਾਂਦੇ ਹਨ, ਅਤੇ ਚਮੜੀ ਤੇ ਛੋਟੇ-ਵੱਡੇ ਆਕਾਰ ਦੇ ਦਾਣੇ/ਫਿੰਸੀਆਂ ਬਣ ਜਾਂਦੇ ਹਨ ਤੇ ਕਈ ਵਾਰ ਇੰਨ੍ਹਾਂ ਵਿੱਚ ਪੱਸ ਭਰ ਜਾਂਦੀ ਹੈ
- ਪਸ਼ੂ ਸਹੀ ਤਰ੍ਹਾਂ ਨਾਲ ਖੁਰਾਕ ਨਹੀਂ ਲੈ ਪਾਂਦਾ, ਦੁੱਧ ਉਤਪਾਦਨ ਵੀ ਘੱਟ ਜਾਂਦਾ ਹੈ ਅਤੇ ਚਮੜੀ ਖਰਾਬ ਹੋ ਜਾਂਦੀ ਹੈ

**ਰੋਚਕ ਤੱਥ**
- ਚੰਮਜੂੰਆਂ ਪਸ਼ੂਆਂ ਦੇ ਲਹੂ, ਲਿੰਮਫ ਗ੍ਰੰਥੀਆਂ ਦਾ ਰੱਸ ਅਤੇ ਖਰਾਬ ਹੋਈ ਚਮੜੀ ਤੋਂ ਭੋਜਨ ਪ੍ਰਾਪਤ ਕਰਦੀਆਂ ਹਨ
- ਇਹ ਸੂਖਮ ਆਕਾਰ (0.25-0.75 ਮਿਲੀਮੀਟਰ) ਦੇ ਪਰਜੀਵੀ ਹੁੰਦੇ ਹਨ
- ਚੰਮਜੂੰਆਂ ਨੂੰ ਮਨੁੱਖੀ ਅੱਖਾਂ ਨਾਲ ਬਿਨਾਂ ਕਿਸੇ ਯੰਤਰ ਦੀ ਮਦਦ ਤੋਂ ਨਹੀਂ ਦੇਖਿਆ ਜਾ ਸਕਦਾ
- ਚੰਮਜੂੰਆਂ ਦੀਆਂ 8 ਲੱਤਾਂ ਹੁੰਦੀਆਂ ਹਨ
- ਚੰਮਜੂੰਆਂ ਦਾ ਜੀਵਨ ਕਾਲ 2-3 ਹਫਤਿਆਂ ਦਾ ਹੋ ਸਕਦਾ ਹੈ
  ਚੰਮਜੂੰਆਂ ਸਰਦੀ ਜਾਂ ਸਾਲ ਭਰ ਪਸ਼ੂਆਂ ਤੇ ਪਾਈਆਂ ਜਾਂਦੀਆਂ ਹਨ

**ਰੋਕਥਾਮ**
- ਸਿਫਾਰਸ਼ ਸ਼ੁਦਾ ਦਵਾਈਆਂ ਪਸ਼ੂ ਚਕਿਤਸਕ ਦੀ ਸਲਾਹ ਅਤੇ ਨਿਗਰਾਨੀ ਹੇਠ ਹੀ ਵਰਤਣੀਆਂ ਚਾਹੀਦੀਆਂ ਹਨ ਤੇ ਦਵਾਈਆਂ ਦਾ ਉਪਯੋਗ ਲੇਬਲ ਉੱਪਰ ਦੱਸੀ ਮਾਤਰਾ ਅਨੁਸਾਰ ਹੀ ਕਰਨਾ ਚਾਹੀਦਾ ਹੈ
- ਜੇ ਲੋੜ ਮਹਿਸੂਸ ਹੋਵੇ ਤਾਂ 14-20 ਦਿਨਾਂ ਬਾਅਦ ਦਵਾਈ ਦੀ ਵਰਤੋਂ ਫਿਰ ਤੋਂ ਕੀਤੀ ਜਾ ਸਕਦੀ ਹੈ
- ਰੋਕਥਾਮ ਲਈ ਪਸ਼ੂ ਨੂੰ ਚੰਗੀ ਖੁਰਾਕ ਦੇਣੀ ਚਾਹੀਦੀ ਹੈ, ਸ਼ੈੱਡਾਂ ਦੀ ਸਾਫ ਸਫਾਈ ਰੱਖਣੀ ਚਾਹੀਦੀ ਹੈ ਅਤੇ ਬੀਮਾਰ ਪਸ਼ੂਆਂ ਨੂੰ ਤੰਦਰੁਸਤ ਜਾਨਵਰਾਂ ਤੋਂ 2-3 ਹਫਤੇ ਤੱਕ ਵੱਖਰੇ ਰੱਖਣਾ ਚਾਹੀਦਾ ਹੈ

*ਚਿੱਤਰ ਸਰੋਤ: ਵੈਟਨਰੀ ਕਲੀਨਿਕਲ ਪੈਰਾਸਾਈਟੋਲੋਜੀ, ਅੱਠਵਾਂ ਐਡੀਸ਼ਨ, ਵਿੱਲੀ-ਬਲੈਕਵੈੱਲ*

ਹਰਕੀਰਤ ਸਿੰਘ ਅਤੇ ਐਨ.ਕੇ.ਸਿੰਘ

# ਸਸਤੀ ਅਤੇ ਸੰਤੁਲਿਤ ਖੁਰਾਕ ਸੰਬੰਧੀ ਨੁਸਖੇ

ਜੈਸਮੀਨ ਕੌਰ

1. ਦੁੱਧ ਪੈਦਾ ਕਰਨ ਦੀ ਕੁੱਲ ਲਾਗਤ ਦਾ ਤਕਰੀਬਨ 65-70% ਤੱਕ ਖਰਚ ਖੁਰਾਕ ਉੱਤੇ ਹੁੰਦਾ ਹੈ।
2. ਹਰਾ ਚਾਰਾ ਦੁਧਾਰੂ ਪਸ਼ੂਆਂ ਲਈ ਖੁਰਾਕੀ ਤੱਤਾਂ ਦਾ ਸਭ ਤੋਂ ਸਸਤਾ ਸਰੋਤ ਹੈ।
3. ਸਸਤਾ ਦੁੱਧ ਪੈਦਾ ਕਰਨ ਲਈ ਦੁਧਾਰੂ ਪਸ਼ੂ ਨੂੰ ਹਰ ਰੋਜ਼ 35-40 ਕਿੱਲੋ ਹਰਾ ਚਾਰਾ ਪਾਓ।
4. ਜੇਕਰ ਫਲੀਦਾਰ ਅਤੇ ਗੈਰ-ਫਲੀਦਾਰ ਚਾਰਾ ਮਿਲਾ ਕੇ ਦਿੱਤਾ ਜਾਵੇ ਤਾਂ ਵੰਡ ਵਿੱਚ ਖਲਾਂ ਦੀ ਲੋੜ ਘੱਟਦੀ ਹੈ।
5. 10 ਕਿੱਲੋ ਫਲੀਦਾਰ ਚਾਰੇ ਪਿੱਛੇ 0.8 ਕਿਲੋ ਸਰੋਂ ਦੀ ਖਲ ਪ੍ਰਤੀ ਪਸ਼ੂ ਪ੍ਰਤੀ ਦਿਨ ਬਚਾਈ ਜਾ ਸਕਦੀ ਹੈ।
6. ਕਣਕ ਦੀ ਨਾੜ/ ਪਰਾਲੀ/ ਵਾਂਡੇ ਨੂੰ ਸਾੜਣ ਦੀ ਥਾਂ, ਉਸਨੂੰ ਯੂਰੀਏ ਨਾਲ ਸੋਧ ਕੇ ਪਸ਼ੂ ਨੂੰ ਪਾਓ। ਇਸ ਨਾਲ ਖੁਰਾਕ ਦਾ ਲਾਗਤ ਖਰਚਾ ਘੱਟਦਾ ਹੈ।
7. ਸੋਧਣ ਲਈ 400 ਕਿੱਲੋ ਤੂੜੀ/ ਪਰਾਲੀ/ ਟਾਂਡੇ ਆਦਿ ਲੈ ਕੇ ਪੱਕੇ ਫਰਸ਼ ਤੇ ਵਿਛਾ ਦੇਵੋ ਅਤੇ 14 ਕਿੱਲੋ ਯੂਰਿਆ ਲੈ ਕੇ 200 ਕਿੱਲੋ ਪਾਣੀ ਵਿੱਚ ਘੋਲੋ।
8. ਇਸ ਘੋਲ ਨੂੰ ਛਿੜਕਾ ਕਰਦੇ ਹੋਏ ਤੂੜੀ/ ਪਰਾਲੀ ਚੰਗੀ ਤਰ੍ਹਾਂ ਮਿਲਾ ਦੇਵੋ ਅਤੇ 9 ਦਿਨ ਲਈ ਇੱਕ ਖੂੰਜੇ ਵਿੱਚ ਦਬਾ ਦੇਵੋ।
9. 9 ਦਿਨਾਂ ਬਾਅਦ ਇੱਕ ਪਾਸੇ ਤੋਂ ਫਰੋਲ ਕੇ ਪਸ਼ੂਆਂ ਨੂੰ ਖਿਲਾਓ।
10. ਸ਼ੁਰੂਆਤ ਵਿੱਚ ਇਸਨੂੰ ਸਾਦੀ ਤੂੜੀ/ ਪਰਾਲੀ ਵਿੱਚ ਤੀਜਾ ਹਿੱਸਾ ਮਿਲਾਓ ਅਤੇ ਵਧਾਉਂਦੇ ਹੋਏ 10 ਦਿਨਾਂ ਵਿੱਚ ਸਾਦੀ ਤੂੜੀ ਪੂਰੀ ਤਰ੍ਹਾਂ ਬੰਦ ਕਰ ਦੇਵੋ।
11. ਦੁੱਧੋ ਭੱਜੇ ਪਸ਼ੂ ਨੂੰ ਯੂਰੀਏ ਨਾਲ ਸੋਧੀ ਤੂੜੀ (7-8 ਕਿੱਲੋ/ਦਿਨ), ਹਰਾ ਚਾਰਾ (8-10 ਕਿੱਲੋ/ਦਿਨ), ਧਾਤਾਂ ਦਾ ਚੂਰਾ ਅਤੇ ਲੂਣ ਦੇ ਕੇ ਕਾਇਮ ਰੱਖਿਆ ਜਾ ਸਕਦਾ ਹੈ।
12. 50 ਜਾਂ ਇਸਤੋਂ ਵੱਧ ਪਸ਼ੂਆਂ ਵਾਲੇ ਫਾਰਮ ਵਿੱਚ ਟੀ.ਐਮ.ਆਰ ਦੀ ਵਰਤੋਂ ਕਰਕੇ ਲੇਬਰ ਦੀ ਲਾਗਤ ਨੂੰ ਘੱਟ ਕੀਤਾ ਜਾ ਸਕਦਾ ਹੈ।
13. ਵਧੇਰੇ ਦੁੱਧ (20 ਕਿੱਲੋ/ਦਿਨ) ਵਾਲੇ ਪਸ਼ੂਆਂ ਵਿੱਚ ਚਾਰੇ ਅਤੇ ਵੰਡ ਦਾ ਅਨੁਪਾਤ 50:50 ਰੱਖੋ।
14. ਦਰਮਿਆਨੇ ਦੁੱਧ (10 ਕਿੱਲੋ/ਦਿਨ) ਦੇਣ ਵਾਲੇ ਪਸ਼ੂਆਂ ਲਈ ਚਾਰੇ ਅਤੇ ਵੰਡ ਦਾ ਅਨੁਪਾਤ 60:40 ਰੱਖੋ।
15. ਘੱਟ ਦੁੱਧ (10-20 ਕਿੱਲੋ/ਦਿਨ) ਵਾਲੇ ਪਸ਼ੂਆਂ ਲਈ ਚਾਰੇ ਅਤੇ ਵੰਡ ਦਾ ਅਨੁਪਾਤ 70:30 ਰੱਖੋ।
16. ਰੋਜ਼ਾਨਾ ਤਾਜ਼ਾ ਟੀ.ਐਮ.ਆਰ ਤਿਆਰ ਕਰੋ ਅਤੇ ਇਸ ਵਿੱਚ ਸਿਰਫ ਸੁੱਕਾ ਵੰਡ ਹੀ ਵਰਤੋ।
17. ਦਰਮਿਆਨੇ ਦੁੱਧ ਵਾਲੇ ਲਵੇਰਿਆਂ ਲਈ ਟੀ. ਐਮ.ਆਰ ਬਣਾਉਣ ਵਾਸਤੇ 50% ਹਰਾ ਚਾਰਾ, 10% ਤੂੜੀ ਅਤੇ 40% ਵੰਡ ਰਲਾਓ।
18. ਵਧੇਰੇ ਦੁੱਧ ਦੇਣ ਵਾਲੇ ਪਸ਼ੂਆਂ ਲਈ ਟੀ.ਐਮ.ਆਰ ਬਣਾਉਣ ਵਾਸਤੇ 40% ਹਰਾ ਚਾਰਾ ਅਤੇ 60% ਵੰਡ ਰਲਾਓ।

# ਵੀਰਜ ਦੇ ਟੀਕੇ ਰੱਖਣ ਵਾਲੇ ਸਿਲੰਡਰ ਨੂੰ ਸੰਭਾਲਣ ਲਈ ਕੁੱਝ ਜ਼ਰੂਰੀ ਨੁਕਤੇ

ਲਵੇਰੀਆਂ ਨੂੰ ਨਵੇਂ ਦੁੱਧ ਕਰਵਾਉਣ ਲਈ ਵਰਤੇ ਜਾਂਦੇ ਵੀਰਜ ਦੇ ਟੀਕੇ ਅੱਜਕਲ ਤਰਲ ਨਾਈਟ੍ਰੋਜਨ ਵਿਚ ਡੁੱਬੋ ਕੇ ਕਾਫੀ ਲੰਬੇ ਸਮੇਂ ਲਈ ਸੰਭਾਲੇ ਜਾ ਸਕਦੇ ਹਨ। ਤਰਲ ਨਾਈਟ੍ਰੋਜਨ ਨੂੰ ਇੱਕ ਖਾਸ ਕਿਸਮ ਦੇ ਸਿਲੰਡਰ ਵਿੱਚ ਰੱਖਿਆ ਜਾਂਦਾ ਹੈ। ਇਸ ਸਿਲੰਡਰ ਨੂੰ ਲੰਬੇ ਸਮੇਂ ਤੱਕ ਵਰਤੋਂ ਵਿਚ ਰੱਖਣ ਸਦਕਾ ਇਸਦੀ ਸੁਚੱਜੇ ਤਰੀਕੇ ਨਾਲ ਸੰਭਾਲ ਕਰਨੀ ਅਤਿ ਜ਼ਰੂਰੀ ਹੁੰਦੀ ਹੈ। ਇਸ ਕੰਮ ਲਈ ਹੇਠ ਲਿਖੇ ਨੁਕਤੇ ਅਪਣਾਏ ਜਾ ਸਕਦੇ ਹਨ।

1. ਸਿਲੰਡਰ ਨੂੰ ਹਰ ਹਾਲਤ ਵਿਚ ਸਾਫ-ਸੁਥਰੀ ਅਤੇ ਸੁੱਕੀ ਜਗ੍ਹਾ ਉੱਤੇ ਰੱਖਣਾ ਜ਼ਰੂਰੀ ਹੁੰਦਾ ਹੈ।
2. ਇਸ ਨੂੰ ਕਦੇ ਵੀ ਸਿੱਧਾ ਫਰਸ਼ (ਖਾਸ ਕਰਕੇ ਸਿਲਾਬਿਆ ਹੋਇਆ) ਉੱਤੇ ਨਹੀਂ ਰੱਖਿਆ ਜਾਂਦਾ। ਫਰਸ਼ ਉੱਤੇ ਪਹਿਲਾਂ ਕੋਈ ਫੱਟਾ ਰੱਖਕੇ ਫਿਰ ਇਸ ਉੱਤੇ ਸਿਲੰਡਰ ਨੂੰ ਟਿਕਾਉਣਾ ਚਾਹੀਦਾ ਹੈ।
3. ਤਰਲ ਨਾਈਟ੍ਰੋਜਨ ਨੂੰ ਲੰਬੇ ਸਮੇਂ ਤੱਕ ਜਮਾਂ ਰੱਖਣ ਦੀ ਸ਼ਕਤੀ ਨੂੰ ਵਧਾਉਣ ਲਈ ਸਿਲੰਡਰ ਨੂੰ ਹਮੇਸ਼ਾਂ ਸੂਰਜ ਦੀ ਧੁੱਪ ਤੋਂ ਦੂਰ ਠੰਡੇ ਕਮਰੇ ਵਿਚ ਰੱਖਣਾ ਚਾਹੀਦਾ ਹੈ। ਕਮਰੇ ਅੰਦਰ ਹਵਾ ਦਾ ਵਹਾਓ ਤੇਜ ਨਹੀਂ ਹੋਣਾ ਚਾਹੀਦਾ ਪਰ ਕਮਰਾ ਫਿਰ ਵੀ ਹਵਾਦਾਰ ਹੋਣਾ ਚਾਹੀਦਾ ਹੈ। ਬੰਦ ਕਮਰੇ ਵਿਚ ਸਿਲੰਡਰ ਲੰਬੇ ਅਰਸੇ ਲਈ ਖੋਲਣ ਸਮੇਂ ਹਵਾ ਵਿਚ ਨਾਈਟ੍ਰੋਜਨ ਦੀ ਮਾਤਰਾ ਬਹੁੱਤ ਵੱਧ ਜਾਵੇਗੀ ਜਿਸ ਨਾਲ ਸਾਹ ਲੈਣ ਵਿਚ ਮੁਸ਼ਕਿਲ ਹੋ ਸਕਦੀ ਹੈ ।
4. ਸਿਲੰਡਰ ਬੱਚਿਆਂ ਦੀ ਪਹੁੰਚ ਤੋਂ ਦੂਰ ਹੋਣਾ ਚਾਹੀਦਾ ਹੈ ਪਰ ਇਹ ਕਿਸੇ ਵੀ ਹਾਲਤ ਵਿਚ ਓਹਲੇ ਵਿਚ ਨਹੀਂ ਹੋਣਾ ਚਾਹੀਦਾ। ਅਜਿਹੀ ਥਾਂ ਚੁਣੋ ਜਿਥੇ ਇਸਨੂੰ ਹਰ ਰੋਜ ਵੇਖਿਆ ਜਾ ਸਕੇ ਅਤੇ ਇਸਦਾ ਢੱਕਣ ਖੋਲ ਕੇ ਤਰਲ ਨਾਈਟ੍ਰੋਜਨ ਦਾ ਸਤਰ ਚੈੱਕ ਕੀਤਾ ਜਾ ਸਕੇ।
5. ਜੇਕਰ ਸਿਲੰਡਰ ਦੇ ਬਾਹਰ ਸਿਲਾਬ, ਪਸ਼ੂਆਂ ਦਾ ਗੋਹਾ, ਕਾਸਟਿਕ ਰਸਾਇਣ ਜਾਂ ਕੋਈ ਹੋਰ ਚੀਜ਼ ਜਿਹੜੀ ਸਿਲੰਡਰ ਦੀ ਬਾਹਰਲੀ ਪਰਤ ਨੂੰ ਨੁਕਸਾਨ ਕਰ ਸਕਦੀ ਹੈ, ਲੱਗੀ ਹੋਵੇ ਤਾਂ ਉਸਨੂੰ ਤੁਰੰਤ ਸਾਫ ਕਰ ਦੇਣਾ ਚਾਹੀਦਾ ਹੈ। ਸਿਲੰਡਰ ਨੂੰ ਬਾਹਰੋਂ ਸਾਦੇ ਪਾਣੀ ਨਾਲ ਵੀ ਧੋਇਆ ਜਾ ਸਕਦਾ ਹੈ।
6. ਸਿਲੰਡਰ ਨੂੰ ਇਕ ਥਾਂ ਤੋਂ ਦੂਜੀ ਥਾਂ ਲਿਜਾਂਦੇ ਸਮੇਂ ਇਸਨੂੰ ਸਿੱਧਾ ਰੱਖਣਾ ਹੁੰਦਾ ਹੈ। ਇਸ ਕੰਮ ਲਈ ਹਮੇਸ਼ਾ ਇਕ ਹੋਰ ਸਾਥੀ ਦੀ ਮੱਦਦ ਲੈ ਲੈਣੀ ਚਾਹੀਦੀ ਹੈ। ਅਜਿਹਾ ਕਰਨ ਨਾਲ ਝਟਕਿਆਂ ਤੋਂ ਆਸਾਨੀ ਨਾਲ ਬਚਿਆ ਜਾ ਸਕਦਾ ਹੈ।
7. ਸਿਲੰਡਰ ਨੂੰ ਕਦੇ ਵੀ ਲਿਫਟ ਵਿਚ ਨਹੀਂ ਲੈ ਕੇ ਜਾਣਾ ਚਾਹੀਦਾ।
8. ਸਿਲੰਡਰ ਨੂੰ ਬਿਨਾ ਜ਼ਰੂਰਤ ਫਾਲਤੂ ਹਿਲਾਉਣਾ ਨਹੀਂ ਚਾਹੀਦਾ। ਜਿਹੜੇ ਹਿੱਸੇ ਵਿਚ ਤਰਲ ਨਾਈਟ੍ਰੋਜਨ ਗੈਸ ਭਰੀ ਹੁੰਦੀ ਹੈ ਉਹ ਸਿਲੰਡਰ ਦੀ ਬਾਹਰਲੀ ਪਰਤ ਨਾਲ ਨੈੱਕ ਟਿਊਬ ਦੁਆਰਾ ਜੁੜਿਆ ਹੁੰਦਾ ਹੈ। ਸਿਲੰਡਰ ਨੂੰ ਅਚਨਚੇਤ ਧੱਕਾ ਲੱਗਣ ਨਾਲ ਜਾਂ ਉਸਨੂੰ ਪੀਂਘ ਦੀ ਤਰਾਂ ਹਿਲਾਉਣ ਨਾਲ ਜਾਂ ਉਚਾਈ ਤੋਂ ਜ਼ਮੀਨ ਤੇ ਸੱਟਣ ਨਾਲ ਨੈੱਕ ਟਿਊਬ ਟੁੱਟ ਸਕਦੀ ਹੈ। ਇਸਦੇ ਸਿੱਟੇ ਵਜੋਂ ਸਿਲੰਡਰ ਅੰਦਰ ਖਿਲਾਅ ਖਤਮ ਹੋ ਜਾਂਦਾ ਹੈ। ਇਸਦੇ ਨਾਲ ਉਸਦੀ ਤਰਲ ਨਾਈਟ੍ਰੋਜਨ ਨੂੰ ਜਮਾਂ ਰੱਖਣ ਦੀ ਸ਼ਕਤੀ ਵੀ ਖਤਮ ਹੋ ਜਾਂਦੀ ਹੈ।
9. ਸਿਲੰਡਰ ਦਾ ਢੱਕਣ ਖੋਲਣ ਸਮੇਂ ਧਿਆਨ ਰੱਖੋ ਕਿ ਉਸਨੂੰ ਉਸੇ ਤਰਾਂ ਦੁਬਾਰਾ ਸਿਲੰਡਰ ਉੱਤੇ ਲਗਾ ਦਿੱਤਾ ਗਿਆ ਹੈ ਜਾਂ ਨਹੀਂ। ਜੇਕਰ ਲੰਬੇ ਅਰਸੇ ਲਈ ਸਿਲੰਡਰ, ਢੱਕਣ ਤੋਂ ਬਿਨਾਂ ਖੁੱਲਾ ਰਹਿ ਜਾਵੇ ਤਾਂ ਸਾਰੀ ਦੀ ਸਾਰੀ ਗੈਸ ਉੜ ਸਕਦੀ ਹੈ ਅਤੇ ਸਾਰਾ ਵੀਰਜ਼ ਖਰਾਬ ਹੋ ਸਕਦਾ ਹੈ।
10. ਗੈਸ ਦੇ ਉਡਣ ਦੀ ਦਰ ਸਿਲੰਡਰ ਦੀ ਉਮਰ, ਉਸਦੀ ਭੋਤਿਕੀ ਹਾਲਤ ਅਤੇ ਉਸਨੂੰ ਵਰਤਣ ਦੇ ਢੰਗ ਉੱਤੇ ਨਿਰਭਰ ਕਰਦੀ ਹੈ। ਸਿਲੰਡਰ ਨੂੰ ਬਾਰ ਬਾਰ ਬੰਦ ਕਰਨ ਅਤੇ ਖੋਲਣ ਨਾਲ ਜਾਂ ਇਸਨੂੰ ਲਗਾਤਾਰ ਹਿਲਾਉਣ ਨਾਲ (ਸਫਰ ਦੌਰਾਨ) ਗੈਸ ਜਿਆਦਾ ਉਡਦੀ ਹੈ। ਇਸ ਲਈ ਹਰੇਕ ਹਫਤੇ ਤਰਲ ਨਾਈਟ੍ਰੋਜਨ ਦਾ ਸਤਰ ਚੈੱਕ ਕਰਦੇ ਰਹਿਣਾ ਚਾਹਦਿਾ ਹੈ।
11. ਢੱਕਣ ਉੱਤੇ ਜਾਂ ਸਿਲੰਡਰ ਦੀ ਗਰਦਨ ਉੱਤੇ ਬਹੁਤੀ ਬਰਫ ਨਹੀਂ ਜੰਮੀਂ ਹੋਈ ਹੋਣੀ ਚਾਹੀਦੀ। ਜੇਕਰ ਸਿਲੰਡਰ ਅੰਦਰ ਜੰਮੀਂ ਹੋਈ ਬਰਫ ਦੇ ਬਹੁਤ ਜਿਆਦਾ ਟੁਕੜੇ ਮਿਲਦੇ ਹਨ ਜਾਂ ਗੈਸ ਲੋੜ ਤੋਂ ਵੱਧ ਉਡਦੀ ਹੈ ਤਾਂ ਸਮਝ ਲਵੋ ਕਿ ਸਿਲੰਡਰ ਅੰਦਰ ਤਰਲ ਨਾਈਟ੍ਰੋਜਨ ਨੂੰ ਠੰਡਾ ਰੱਖਣ ਵਾਲਾ ਸਿਸਟਮ (ਖਲਾਅ) ਖਰਾਬ ਹੋ ਗਿਆ ਹੈ। ਅਜਿਹੇ ਸਿਲੰਡਰ ਵਿਚ ਤਰਲ ਨਾਈਟ੍ਰੋਜਨ ਗੈਸ ਬਹੁਤੇ ਲੰਬੇ ਸਮੇਂ ਲਈ ਜਮਾਂ ਨਹੀਂ ਰਹਿ ਸਕਦੀ। ਅਜਿਹੀ ਸਥਿਤੀ ਵਿਚ ਕੋਈ ਲੱਕੜ ਦਾ ਚੱਪਟਾ ਡੰਡਾ ਲੈ ਕੇ ਤਰਲ ਨਾਈਟ੍ਰੋਜਨ ਗੈਸ ਦਾ ਸਤਰ ਚੈੱਕ ਕਰੋ। ਜੇਕਰ ਸਿਲੰਡਰ ਵਿਚ ਗੈਸ ਚੰਗੀ ਮਾਤਰਾ ਵਿਚ ਹੈ ਤਾਂ ਸਾਰਾ ਵੀਰਜ਼ ਕਿਸੇ ਦੂਸਰੇ ਸਹੀ ਸਿਲੰਡਰ ਵਿਚ ਤਬਦੀਲ ਕਰ ਦਿਓ। ਜੇਕਰ ਤਰਲ ਨਾਈਟ੍ਰੋਜਨ ਦਾ ਸਤਰ ਬਹੁਤ ਘੱਟ ਗਿਆ ਹੈ ਤਾਂ ਵੀਰਜ਼ ਵਰਤਣ ਤੋਂ ਪਹਿਲਾਂ ਉਸਦਾ ਠੀਕ ਹੋਣ ਲਈ ਟੈਸਟ ਜ਼ਰੂਰ ਕਰਵਾਓ।
12. ਤਰਲ ਨਾਈਟ੍ਰੋਜਨ ਦਾ ਸਤਰ ਲੱਭਣ ਲਈ ਹਮੇਸ਼ਾ ਲਕੜੀ ਦਾ ਮਾਪ ਹੀ ਵਰਤੋ। ਪਲਾਸਟਿਕ ਦੇ ਮਾਪ ਨੂੰ ਤਰਲ ਨਾਈਟ੍ਰੋਜਨ ਵਿਚ ਪਾਉਣ ਨਾਲ ਇਹ ਬਹੁਤ ਸਖਤ ਹੋ ਜਾਂਦਾ ਹੈ ਅਤੇ ਆਸਾਨੀ ਨਾਲ ਟੁੱਟ ਜਾਂਦਾ ਹੈ।

ਰਾਕੇਸ਼ ਕੁਮਾਰ ਸ਼ਰਮਾਂ ਅਤੇ ਰਾਜੇਸ਼ ਕਸਰੀਜ਼ਾ

# ਦੁੱਧ ਦੀ ਬਣਤਰ

ਦੁੱਧ ਵਿੱਚ ਮੁੱਖ ਤੌਰ ਤੇ ਪ੍ਰੋਟੀਨ, ਫੈਟ ਅਤੇ ਪਾਣੀ ਹੁੰਦਾ ਹੈ ਤੇ ਕੁਝ ਮਾਤਰਾ ਵਿੱਚ ਖਣਿਜ ਪਦਾਰਥ ਅਤੇ ਵਿਟਾਮਿਨ ਹੁੰਦੇ ਹਨ। ਮੱਝ ਦਾ ਦੁੱਧ ਗਾਂ ਅਤੇ ਬੱਕਰੀ ਦੇ ਦੁੱਧ ਨਾਲੋਂ ਜ਼ਿਆਦਾ ਸੰਘਣਾ ਹੁੰਦਾ ਹੈ ਕਿਉਂਕਿ ਇਸ ਵਿੱਚ ਫੈਟ ਅਤੇ ਐਸ.ਐਨ.ਐਫ (ਫੈਟ ਅਤੇ ਪਾਣੀ ਨੂੰ ਛੱਡ ਕੇ ਬਾਕੀ ਸਾਰੇ ਤੱਛ) ਜ਼ਿਆਦਾ ਹੁੰਦੇ ਹਨ। ਹੇਠ ਲਿਖੀ ਸਾਰਨੀ ਵਿੱਚ ਗਾਂ, ਮੱਝ ਅਤੇ ਬੱਕਰੀ ਦੇ ਦੁੱਧ ਦੀ ਬਣਤਰ ਲਿਖੀ ਗਈ ਹੈ।

| ਤੱਤ | ਬੱਕਰੀ | ਗਾਂ | ਮੱਝ |
|---|---|---|---|
| ਠੋਸ ਪਦਾਰਥ | 12.97 | 12.01 | 17-18 |
| ਪ੍ਰੋਟੀਨ | 3.56 | 3.29 | 3.8-4.0 |
| ਫੈਟ | 4.14 | 3.34 | 7.0-8.0 |
| ਕਾਰਬੋਹਾਈਡਰੇਟ | 4.45 | 4.6 | 5.0-5.3 |
| ਖਣਿਜ ਪਦਾਰਥ | 0.82 | 0.72 | 0.80 |
| ਕੈਲੀਸ਼ਅਮ (mg) | 134 | 119 | 195 |
| ਆਇਰਨ (mg) | 0.05 | 0.05 | --- |
| ਪੋਟਾਸ਼ੀਅਮ (mg) | 204 | 152 | 150 |
| ਵਿਟਾਮਿਨ ARE (mcg) | 44 | 52 | 77 |
| ਵਿਟਾਮਿਨ $B_6$ (mcg) | 1 | 6 | 3.25 |
| ਵਿਟਾਮਿਨ $B_{12}$ (mcg) | 0.065 | 0.0357 | --- |
| ਵਿਟਾਮਿਨ D (mcg) | 0.11 | 0.03 | --- |
| ਵਿਟਾਮਿਨ E (mg) | 0.03 | 0.09 | 0.33 |
| ਵਿਟਾਮਿਨ C (mg) | 1 | 1 | 6.72 |



ਪੁਰਾਣੇ ਸਮੇਂ ਤੋਂ ਹੀ ਮਨੁੱਖ ਗਾਂ ਅਤੇ ਮੱਝ ਦੇ ਦੁੱਧ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਇਸਤੇਮਾਲ ਕਰ ਰਹੇ ਹਨ। ਪਰ ਹੁਣ ਸਮੇਂ ਦੇ ਨਾਲ-ਨਾਲ ਵੱਧ ਰਹੀਆਂ ਬਿਮਾਰੀਆਂ ਅਤੇ ਲੋਕਾਂ ਵਿੱਚ ਵੱਧ ਰਹੀ ਜਾਗਰੂਕਤਾ ਕਰਕੇ ਬੱਕਰੀ, ਊਠਣੀ ਅਤੇ ਭੇਡ ਦਾ ਦੁੱਧ ਬਹੁਤ ਜ਼ਿਆਦਾ ਪ੍ਰਚਲਿਤ ਹੋ ਰਿਹਾ ਹੈ। ਬੱਕਰੀ ਦੇ ਦੁੱਧ ਦੀਆਂ ਤੱਤ ਪੋਸ਼ਟਿਕਤਾ ਤੋਂ ਇਲਾਵਾ ਕਈ ਹੋਰ ਵਿਸ਼ੇਸ਼ਤਾਵਾਂ ਹਨ ਜੋ ਕਿ ਹੇਠ ਲਿਖੇ ਅਨੁਸਾਰ ਹੈ :-

1. ਬੱਕਰੀ ਦੇ ਦੁੱਧ ਦੀ ਬਣਤਰ ਲਗਭਗ ਮਨੁੱਖੀ ਦੁੱਧ ਨਾਲ ਮਿਲਣ ਕਰਕੇ ਇਸ ਨੂੰ ਬੱਚਿਆਂ ਵਾਸਤੇ ਵਧੀਆ ਮੰਨਿਆ ਜਾਂਦਾ ਹੈ।
2. ਬੱਕਰੀ ਦਾ ਦੁੱਧ ਆਸਾਨੀ ਨਾਲ ਹਜ਼ਮ ਹੁੰਦਾ ਹੈ ਕਿਉਂਕਿ ਇਸ ਦੇ ਫੈਟ ਅਣੂ ਦਾ ਆਕਾਰ ਗਾਂ ਅਤੇ ਮੱਝ ਦੇ ਦੁੱਧ ਨਾਲੋਂ ਬਹੁਤ ਹੀ ਛੋਟਾ ਹੁੰਦਾ ਹੈ।
3. ਬੱਕਰੀ ਦੇ ਦੁੱਧ ਵਿੱਚ ਕਲੋਰੀਨ, ਫਲੋਰੀਨ ਅਤੇ ਸਿਲੀਕੋਨ ਦੀ ਮਾਤਰਾ ਜ਼ਿਆਦਾ ਹੈ। ਕਲੋਰੀਨ ਅਤੇ ਫਲੋਰੀਨ ਹਾਨੀਕਾਰਕ ਜੀਵਾਣੂਆਂ ਨੂੰ ਮਾਰਦਾ ਹੈ ਅਤੇ ਸਿਲੀਕੋਨ ਡਾਇਬਟੀਜ਼ ਦੀ ਰੋਕਥਾਮ ਵਿੱਚ ਮਦਦ ਕਰਦਾ ਹੈ।
4. ਪੋਟਾਸ਼ੀਅਮ ਨਾਲ ਭਰਪੂਰ ਹੋਣ ਕਰਕੇ ਬੱਕਰੀ ਦਾ ਦੁੱਧ ਬਲਡ ਪ੍ਰੈਸ਼ਰ ਨੂੰ ਕੰਟਰੋਲ ਕਰਦਾ ਹੈ ਅਤੇ ਦਿਲ ਦੇ ਸੁਚਾਰੂ ਰੂਪ ਵਿੱਚ ਕੰਮ ਕਰਣ ਵਿੱਚ ਮਦਦ ਕਰਦਾ ਹੈ।
5. ਬਾਇਉਰਗੈਨਿਕ ਸੋਡੀਅਮ ਨਾਲ ਭਰਪੂਰ ਬੱਕਰੀ ਦਾ ਦੁੱਧ ਢਿੱਡ ਦੀ ਬਿਮਾਰੀਆਂ ਜਿਵੇਂ ਕਿ ਢਿੱਡ ਦਾ ਆਫਰਨਾ ਅਤੇ ਢਿੱਡ ਦੇ ਫੌੜਿਆਂ ਦੀ ਰੋਕਥਾਮ ਵਿੱਚ ਵੀ ਮਦਦ ਕਰਦਾ ਹੈ। ਬਾਇਉਰਗੈਨਿਕ ਸੋਡੀਅਮ ਦੀ ਕਮੀ ਨਾਲ ਢਿੱਡ ਦੇ ਅੰਦਰ ਕਈ ਪਾਚਕ ਤੱਤਾਂ ਦੀ ਕਮੀ ਹੋ ਜਾਂਦੀ ਹੈ ਜਿਹੜੀ ਕਿ ਇਹਨਾਂ ਬਿਮਾਰੀਆਂ ਨੂੰ ਪ੍ਰੋਤਸਾਹਨ ਦਿੰਦੀ ਹੈ।
6. ਬੱਕਰੀ ਦਾ ਦੁੱਧ ਕੋਲੈਸਟਰੋਲ ਜਮਾਂ ਹੋਣ ਤੋਂ ਰੋਕਦਾ ਹੈ ਜਿਸ ਨਾਲ ਦਿਲ ਦੀਆਂ ਬਿਮਾਰੀਆਂ ਦੀ ਰੋਕਥਾਮ ਵਿੱਚ ਮਦਦ ਮਿਲਦੀ ਹੈ।
7. ਬੱਕਰੀ ਦੇ ਦੁੱਧ ਵਿੱਚ ਲੈਕਟਪਰਉਕਜ਼ੀਡੇਜ਼ ਪ੍ਰੋਟੀਨ ਕਈ ਤਰ੍ਹਾਂ ਦੀਆਂ ਬਿਮਾਰੀਆਂ ਜਿਵੇਂ ਕਿ ਹੈਜ਼ਾ, ਟਾਈਫਾਈਡ, ਨਮੂਨੀਆ ਆਦਿ ਦੀ ਰੋਕਥਾਮ ਵਿੱਚ ਮਦਦ ਕਰਦਾ ਹੈ।
8. ਬੱਕਰੀ ਦਾ ਦੁੱਧ ਢਿੱਡ ਵਿੱਚ ਮੌਜੂਦ ਲਾਭਕਾਰੀ ਜੀਵਾਣੂਆਂ ਨੂੰ ਵਧਾਉਂਦਾ ਹੈ ਜਿਹੜਾ ਕਿ ਕਈ ਤਰ੍ਹਾਂ ਦੀ ਬਿਮਾਰੀਆਂ ਦੇ ਲੜਨ ਵਿੱਚ ਮਦਦ ਕਰਦਾ ਹੈ।

ਪੋਸ਼ਟਿਕ ਤੱਤਾਂ ਨਾਲ ਭਰਪੂਰ ਬੱਕਰੀ ਦਾ ਦੁੱਧ ਜ਼ਰੂਰੀ ਪੋਸ਼ਣ ਤਾਂ ਪ੍ਰਦਾਨ ਕਰਦਾ ਹੀ ਹੈ ਤੇ ਨਾਲ ਹੀ ਕਈ ਤਰ੍ਹਾਂ ਦੀ ਬਿਮਾਰੀਆਂ ਦੇ ਇਲਾਜ ਅਤੇ ਰੋਕਥਾਮ ਵਿੱਚ ਵੀ ਮਦਦ ਕਰਦਾ ਹੈ। ਸਮੇਂ ਦੇ ਨਾਲ ਵੱਧ ਰਹੀ ਫੰਕਸ਼ਨਲ ਭੋਜਨ ਦੀ ਮੰਗ ਅਤੇ ਖ਼ਪਤ, ਬੱਕਰੀ ਦੇ ਦੁੱਧ ਦੀ ਮੰਗ ਨੂੰ ਵਧਾ ਸਕਦਾ ਹੈ ਜੋ ਕਿ ਇੱਕ ਕੁਦਰਤੀ ਫੰਕਸ਼ਨਲ ਪਦਾਰਥ ਹੈ। ਇਹਨਾਂ ਸਾਰਿਆਂ ਫਾਇਦਿਆਂ ਨੂੰ ਵੇਖਦੇ ਹੋਏ ਇਹ ਹੀ ਕਿਹਾ ਜਾ ਸਕਦਾ ਹੈ ਕਿ ਬੱਕਰੀ ਦਾ ਦੁੱਧ ਪਿਉ ਤੇ ਨਿਰੋਗ ਜਿਉ।

ਸ਼ਿਵਾ ਕੁਮਾਰ ਅਤੇ ਵੀਨਸ ਬਾਂਸਲ

# ਵੈਟਨਰੀ ਯੂਨੀਵਰਸਿਟੀ ਵੱਲੋਂ 'ਵਿਸ਼ਵ ਹਲਕਾਅ ਦਿਵਸ' ਮੌਕੇ ਦਿੱਤੀ ਗਈ ਜਾਗਰੂਕਤਾ

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਵਿਖੇ 'ਵਿਸ਼ਵ ਹਲਕਾਅ ਦਿਵਸ' ਦੇ ਮੌਕੇ 'ਤੇ ਹਲਕਾਅ ਤੋਂ ਬਚਾਅ ਅਤੇ ਇਸ 'ਤੇ ਕਾਬੂ ਪਾਉਣ ਸੰਬੰਧੀ ਇਕ ਅੰਤਰ-ਰਾਸ਼ਟਰੀ ਵੈਬ-ਗੋਸ਼ਠੀ ਕਰਵਾਈ ਗਈ। ਇਹ ਗੋਸ਼ਠੀ ਯੂਨੀਵਰਸਿਟੀ ਦੇ ਜਨਤਕ ਸਿਹਤ ਸਕੂਲ ਵਲੋਂ 'ਹਲਕਾਅ ਅਤੇ ਇਕ ਵਿਸ਼ਵ ਸਿਹਤ' ਮੁੱਦੇ 'ਤੇ ਕੀਤੀ ਗਈ। ਗੋਸ਼ਠੀ ਵਿਚ 70 ਤੋਂ ਵਧੇਰੇ ਪ੍ਰਤੀਭਾਗੀਆਂ ਨੇ ਹਿੱਸਾ ਲਿਆ। ਡਾ. ਜੈਸਮੀਨ ਢਿੱਲੋਂ ਕੈਨੇਡੀਅਨ ਭੋਜਨ ਜਾਂਚ ਏਜੰਸੀ, ਕੈਨੇਡਾ ਨੇ ਹਲਕਾਅ ਦੇ ਵਿਸ਼ੇ ਵਿਚ ਸਮਾਜੀ ਭਾਈਚਾਰੇ ਵਲੋਂ ਦਿੱਤੇ ਜਾਂਦੇ ਯੋਗਦਾਨ ਅਤੇ ਸੰਭਾਵਨਾਵਾਂ ਦੀ ਚਰਚਾ ਕੀਤੀ। ਇੰਗਲੈਂਡ ਦੀ ਸਰੀ ਯੂਨੀਵਰਸਿਟੀ ਦੇ ਡਾ. ਹੋਰਟਨ ਨੇ ਇਕ ਵਿਸ਼ਵ ਸਿਹਤ ਅਤੇ ਹਲਕਾਅ 'ਤੇ ਕਾਬੂ ਪਾਉਣ ਸੰਬੰਧੀ ਆਪਣੇ ਵਿਚਾਰ ਦਿੱਤੇ। ਕਰਨਾਟਕਾ ਦੀ ਵੈਟਨਰੀ ਅਤੇ ਫ਼ਿਸ਼ਰੀਜ਼ ਵਿਗਿਆਨ ਯੂਨੀਵਰਸਿਟੀ ਦੇ ਡਾ. ਸ਼ਾਰਦਾ ਨੇ ਪਸ਼ੂਆਂ ਵਿਚ ਹਲਕਾਅ ਦੀ ਨਿਗਰਾਨੀ ਬਾਰੇ ਆਪਣੀ ਖੋਜ ਸਾਂਝੀ ਕੀਤੀ। ਵੈਟਨਰੀ ਯੂਨੀਵਰਸਿਟੀ ਲੁਧਿਆਣਾ ਦੇ ਡਾ. ਚਰਨ ਕਮਲ ਸਿੰਘ, ਮੁਖੀ ਵੈਟਨਰੀ ਪਥਾਲੋਜੀ ਵਿਭਾਗ ਨੇ ਇਸ ਖ਼ਤਰਨਾਕ ਬਿਮਾਰੀ ਸੰਬੰਧੀ ਗਲਤ ਧਾਰਨਾਵਾਂ ਅਤੇ ਸਹੀ ਤੱਥਾਂ ਬਾਰੇ ਜਾਣਕਾਰੀ ਦਿੱਤੀ। ਡਾ. ਨੀਰਜ ਕੁਮਾਰ ਸਿੰਘ ਨੇ ਹਲਕਾਅ ਦੇ ਟੀਕਾਕਰਨ ਸੰਬੰਧੀ ਦੱਸਿਆ। ਡਾ. ਔਲਖ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਪ੍ਰਤੀਭਾਗੀਆਂ ਨੇ ਹਲਕਾਅ ਸੰਬੰਧੀ ਵਿਭਿੰਨ ਸੰਕਲਪਾਂ, ਇਸਦੇ ਪਸਾਰ, ਰੋਕ ਅਤੇ ਇਲਾਜ ਬਾਰੇ ਬੜਾ ਨਵਾਂ ਗਿਆਨ ਹਾਸਿਲ ਕੀਤਾ ਜਿਸ ਨਾਲ ਕਿ ਅਸੀਂ ਮਨੁੱਖੀ ਭਾਈਚਾਰੇ ਨੂੰ ਜਾਗਰੂਕ ਕਰ ਸਕਦੇ ਹਾਂ। ਡਾ. ਇੰਦਰਜੀਤ ਸਿੰਘ, ਉਪ-ਕੁਲਪਤੀ ਨੇ ਪ੍ਰਬੰਧਕਾਂ ਦੇ ਇਸ ਯਤਨ ਲਈ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਆਸ ਪ੍ਰਗਟਾਈ ਕਿ ਇਸ ਗੋਸ਼ਠੀ ਵਿਚ ਵਿਚਾਰੇ ਮੁੱਦਿਆਂ ਸੰਬੰਧੀ ਸਾਰਥਕ ਖੋਜ ਹੋਵੇਗੀ ਅਤੇ ਇਸ ਮਾਰੂ ਬਿਮਾਰੀ ਨੂੰ ਠੱਲ ਪਾਉਣ ਸੰਬੰਧੀ ਨਵੇਂ ਯਤਨ ਕੀਤੇ ਜਾਣਗੇ।

## ਬਰਾਜ਼ੀਲ ਦੀ ਗਾਂ ਨੇ ਬਣਾਇਆ ਦੁੱਧ ਵਿੱਚ ਨਵਾਂ ਰਿਕਾਰਡ

ਬਰਾਜ਼ੀਲ ਦੀ ''ਗੀਰਲੈਂਡੋ'' ਨਸਲ ਦੀ ਗਾਂ ਨੇ ਇੱਕ ਦਿਨ ਵਿੱਚ ਤਿੰਨ ਚੁਆਈਆਂ ਰਾਹੀਂ 127.57 ਕਿਲੋ ਦੁੱਧ ਪੈਦਾ ਕਰਕੇ ਪਿਛਲੇ 39 ਸਾਲ ਦਾ ਰਿਕਾਰਡ ਤੌੜ ਦਿੱਤਾ ਹੈ। ''ਮਾਰੀਲੀਆ'' ਨਾਂ ਦੀ ਗਾਂ ਨੇ 1981 ਵਿੱਚ ''ਕੂਬਾਨ'' ਦੀ ਇੱਕ ਗਾਂ ਵੱਲੋਂ ਇੱਕ ਦਿਨ ਵਿੱਚ 110.9 ਕਿਲੋਂ ਦੁੱਧ ਦਾ ਬਣਾਇਆ ਰਿਕਾਰਡ ਤੋੜਿਆ ਹੈ। ਵਰਨਣਯੋਗ ਹੈ ''ਗੀਰਲੈਂਡੋ'' ਨਸਲ ਐਚ.ਐਫ ਅਤੇ ਭਾਰਤ ਦੀ ''ਗੀਰ'' ਨਸਲ ਦਾ ਮਿਸ਼ਰਣ ਹੈ। ਬਰਾਜ਼ੀਲ ਦੀ ਇਸ ਨਸਲ ਵਧੇਰੇ ਦੁੱਧ ਦੇਣ ਵਾਲੀ ਨਸਲ ਵਜੋਂ ਜਾਣੀ ਜਾਂਦੀ ਹੈ ਤੇ ਲੱਗਭਗ 70-80% ਦੁੱਧ ਇਸ ਨਸਲ ਵੱਲੋਂ ਪੈਦਾ ਕੀਤਾ ਜਾਂਦਾ ਹੈ।

**ਪਰਾਲੀ ਨਾ ਜਲਾਓ,**
**ਪਟਾਖੇ ਨਾ ਚਲਾਓ,**
**ਪੌਣ-ਪਾਣੀ ਦੀ ਕਰੋ ਰਖਵਾਲੀ**
**ਵਾਤਾਵਰਣ ਸਾਫ਼ ਬਣਾਓ**


ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

**ਵਿਗਿਆਨਕ ਪਸ਼ੂ ਪਾਲਣ**

(ਵੈਟਨਰੀ ਯੂਨੀਵਰਸਿਟੀ, ਲੁਧਿਆਣਾ ਦਾ ਮਹੀਨਾਵਾਰ ਮੈਗਜੀਨ)




ਹੁਣ 1000 ਰੁਪਏ ਵਿਚ ਪੰਜ ਸਾਲ ਲਈ ਮੈਗਜੀਨ

ਚੰਦਾ On- Line ਤਰੀਕੇ ਨਾਲ ਜਮ੍ਹਾ ਕਰਵਾਓ

| | |
|---|---|
| ਬੈਂਕ ਦਾ ਨਾਮ | ਬੈਂਕ ਔਫ ਬੜੌਦਾ (Bank of Baroda) |
| ਬੈਂਕ ਦੀ ਸ਼ਾਖਾ | ਪੀ. ਏ. ਯੂ. ਲੁਧਿਆਣਾ(PAU, Ludhiana) |
| ਅਕਾਊਂਟ ਨੰਬਰ | 29380100012410 |
| ਅਕਾਊਂਟ ਹੋਲਡਰ ਦਾ ਨਾਮ | Comptroller, GADVASU |
| ਅਕਾਊਂਟ ਦੀ ਕਿਸਮ | Savings Account |
| IFSC ਕੋਡ | BARB0PAULUD (Fifth digit is zero) |

Zero

ਚੰਦਾ ਜਮਾਂ ਕਰਾਉਣ ਦੀ ਰਸੀਦ ਅਤੇ ਪੂਰਾ ਪਤਾ Whatsapp ਨੰ: 9464927235 ਤੇ ਭੇਜੋ ।

## GADVASU ਸਲਾਹਕਾਰੀ ਨੇ ਕੋਰੋਨਾ ਸੰਕਟ ਤੋਂ ਬਚਣ ਵਿੱਚ ਕੀਤੀ ਝੀਂਗਾ ਕਿਸਾਨਾਂ ਦੀ ਮਦਦ

ਕੋਰੋਨਾ ਸਰਬਵਿਆਪੀ ਮਹਾਂਮਾਰੀ ਕਾਰਨ ਮਾਰਚ ਮਹੀਨੇ ਵਿੱਚ ਭਾਰਤ ਨੇ ਰਾਸ਼ਟਰੀ ਪੱਧਰ ਤੇ ਲਾਕਡਾਉਨ ਘੋਸ਼ਿਤ ਕੀਤਾ, ਜਿਸ ਕਰਕੇ ਪੰਜਾਬ ਦੇ ਝੀਂਗਾ ਪਾਲਕ ਸਮੇਂ ਸਿਰ ਆਪਣੇ ਤਲਾਵਾਂ ਨੂੰ ਸਟਾਕ ਨਹੀਂ ਕਰ ਸਕੇ। ਪੰਜਾਬ ਦੀ ਜਲਵਾਯੂ ਅਨੁਸਾਰ ਰਾਜ ਵਿੱਚ ਝੀਂਗਾ ਪਾਲਣ ਗਰਮੀਆਂ ਦੇ ਮਹੀਨਿਆਂ ਦੌਰਾਨ ਅਪ੍ਰੈਲ ਤੋਂ ਨਵੰਬਰ ਮਹੀਨੇ ਵਿਚਕਾਰ ਕੀਤਾ ਜਾਂਦਾ ਹੈ ਅਤੇ ਇਸ ਦਾ ਸੀਡ ਆਂਧਰਾ ਪ੍ਰਦੇਸ਼, ਤਾਮਿਲਨਾਡੂ ਅਤੇ ਪੋਂਡੀਚੈਰੀ ਵਰਗੇ ਤੱਟਵਰਤੀ ਰਾਜਾਂ ਤੋਂ ਲਿਆਇਆ ਜਾਂਦਾ ਹੈ, ਜਿਸ ਦਾ ਉਤਪਾਦਨ ਅਮਰੀਕਾ ਤੋਂ ਆਯਾਤ ਕੀਤੇ ਗਏ ਐਸ.ਪੀ.ਐਫ/SPF ਬਰੂਡਸਟਾਕ ਤੋਂ ਹੁੰਦਾ ਹੈ। ਕੋਰੋਨਾ ਮਹਾਂਮਾਰੀ ਕਾਰਨ ਅੰਤਰਰਾਸ਼ਟਰੀ ਆਯਾਤ ਅਤੇ ਨਿਰਯਾਤ ਦੇ ਨਾਲ ਨਾਲ ਅੰਤਰ ਰਾਜਕੀ ਆਵਾਜਾਈ ਤੇ ਲੱਗੀ ਰੋਕ ਨੇ ਦੇਸ਼ ਵਿੱਚ ਬਰੂਡਸਟਾਕ ਦੀ ਸਪਲਾਈ ਅਤੇ ਸੀਡ ਉਤਪਾਦਨ ਤੇ ਬੁਰਾ ਅਸਰ ਪਾਇਆ। ਝੀਂਗਾ ਪਾਲਣ ਇੱਕ ਵੱਡਮੁੱਲੀ ਖੇਤੀ ਹੈ, ਜਿਸ ਵਿੱਚ ਪ੍ਰਤੀ ਟਨ ਉਤਪਾਦਨ ਖਰਚਾ 1.0 ਤੋਂ 1.25 ਲੱਖ ਰੁਪਏ ਹੁੰਦਾ ਹੈ (ਫ਼ਸਲ ਮਿਆਦ 100-120 ਦਿਨ)। ਇਸ ਤੋਂ ਇਲਾਵਾ ਇਸ ਦਾ ਮੰਡੀਕਰਣ ਵੀ ਮੁੱਖ ਤੌਰ ਤੇ ਵਿਦੇਸ਼ੀ ਨਿਰਯਾਤ ਤੇ ਨਿਰਭਰ ਕਰਦਾ ਹੈ। ਇਸ ਲਈ ਝੀਂਗਾ ਪਾਲਕ ਕਿਸਾਨਾਂ ਨੂੰ ਅਣਕਿਆਸੇ ਵਿੱਤੀ ਨੁਕਸਾਨ ਦੇ ਖਿਆਲ ਨੇ ਦੁਬਿਧਾ ਵਿੱਚ ਪਾ ਦਿੱਤਾ ਕਿ ਇਸ ਸਾਲ ਝੀਂਗਾ ਸਟਾਕ ਕੀਤਾ ਜਾਵੇ ਜਾਂ ਨਹੀਂ। ਨਤੀਜੇ ਵਜੋਂ, ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ (GADVASU) ਨੇ ਕਿਸਾਨਾਂ ਨੂੰ ਹੇਠ ਲਿਖੇ ਉਪਚਾਰੀ ਉਪਾਅ ਅਪਣਾਉਣ ਦੀ ਸਲਾਹ ਦਿੱਤੀ, ਜਿਸ ਸਦਕਾ ਉਹਨਾਂ ਝੀਂਗੇ ਦੀ ਫ਼ਸਲ ਸਫਲਤਾਪੂਰਵਕ ਪੈਦਾ ਕੀਤੀ।

- ✓ ਦੇਸ਼ ਵਿੱਚ ਝੀਂਗਾ ਹੈਚਰੀਆਂ ਤੋਂ ਸੀਡ ਦੀ ਸਪਲਾਈ ਦੇ ਮੁੜ ਬਹਾਲ ਹੋਣ ਤੱਕ ਇੰਤਜਾਰ ਕਰਕੇ, ਤਲਾਅ ਵਿੱਚ ਸਟਾਕਿੰਗ ਨੂੰ ਜੂਨ/ਜੁਲਾਈ ਤੱਕ ਮੁਲਤਵੀ ਕਰਨਾ →ਯਕੀਨੀ ਸੀਡ ਕੁਆਲਿਟੀ
- ✓ ਸਟਾਕਿੰਗ ਦਰ ਨੂੰ ਘਟਾ ਕੇ 25-30 ਪ੍ਰਤੀ ਵਰਗ ਮੀਟਰ ਕਰਨਾ → ਲੋੜ ਪੈਣ ਤੇ ਵਾਧੂ ਸਮੇਂ ਤੱਕ ਸਟਾਕ ਨੂੰ ਤਲਾਅ ਵਿੱਚ ਸਾਂਭ ਕੇ ਰੱਖਣ ਦਾ ਪ੍ਰਬੰਧ
- ✓ ਵਧੀਆ ਪ੍ਰਬੰਧਨ ਅਭਿਆਸ ਦੀ ਪਾਲਣਾ →ਉੱਚ ਝੀਂਗਾ ਕੁਆਲਿਟੀ ਅਤੇ ਮੁੱਲ
- ✓ ਪੜਾਅਦਾਰ ਸਟਾਕਿੰਗ ਕਰਨੀ → ਇੱਕੋ ਵੇਲੇ ਤਿਆਰ ਝੀਂਗੇ ਦੇ ਮੰਡੀਕਰਣ ਦਬਾਅ ਤੋਂ ਮੁਕਤੀ
- ✓ ਪੜਾਅਦਾਰ ਹਾਰਵੈਸਟਿੰਗ ਕਰਨੀ → ਹਰ ਹਾਰਵੈਸਟਿੰਗ ਨਾਲ ਉਤਪਾਦਨ ਖਰਚੇ ਦੀ ਮੁੜ ਵਸੂਲੀ ਸੁਰੱਖਿਆ

ਕਿਸਾਨਾਂ ਨੇ ਯੂਨੀਵਰਸਿਟੀ ਤੇ ਭਰੋਸਾ ਕਰਦੇ ਹੋਏ, ਦਿੱਤੀ ਗਈ ਸਲਾਹ ਨੂੰ ਅਪਣਾਇਆ ਅਤੇ ਬਿਨਾਂ ਨੁਕਸਾਨ ਇਸ ਸਾਲ ਕੋਰੋਨਾ ਮਹਾਂਮਾਰੀ ਵਿਚਕਾਰ ਵੀ ਸਫਲਤਾਪੂਰਵਕ ਸਿਹਤਮੰਦ ਵੱਡਾ ਝੀਂਗਾ ਪੈਦਾ ਕਰਕੇ ਮੁਨਾਫਾ ਕਮਾ ਰਹੇ ਹਨ।



**ਮੀਰਾ. ਡੀ. ਆਂਸਲ**

## ਸਰਦੀਆਂ ਦੌਰਾਨ ਐਕੁਏਰੀਅਮ ਵਿੱਚ ਰੱਖੀ ਸਜਾਵਟੀ ਮੱਛੀ ਦਾ ਰੱਖ ਰਖਾਵ



ਐਕੁਏਰੀਅਮ ਵਿੱਚ ਸਜਾਵਟੀ ਮੱਛੀਆਂ ਰੱਖਣਾ ਬਹੁਤ ਹੀ ਦਿਲਚਸਪੀ ਅਤੇ ਮਨਪਰਚਾਵੇ ਵਾਲਾ ਸ਼ੌਕ ਹੈ।ਹੋਰ ਪਾਲਤੂ ਪਸ਼ੂ ਰੱਖਣ ਦੇ ਮੁਕਾਬਲੇ, ਐਕੁਏਰੀਅਮ ਵਾਲੀਆਂ ਸਜਾਵਟੀ ਮੱਛੀਆਂ ਦਾ ਰੱਖ ਰਖਾਵ ਬਹੁਤ ਸੌਖਾ ਹੈ, ਪਰ ਮੌਸਮ ਦੀ ਤਬਦੀਲੀ, ਖਾਸ ਤੌਰ ਤੇ ਸਰਦੀ ਦੇ ਮੌਸਮ ਵਿੱਚ ਐਕੁਏਰੀਅਮ ਦੀ ਸਹੀ ਸਾਂਭ ਸੰਭਾਲ ਬਹੁਤ ਜਰੂਰੀ ਹੈ

- ਸਰਦੀ ਦੇ ਮਹੀਨਿਆਂ (ਨਵੰਬਰ ਤੋਂ ਫਰਵਰੀ) ਵਿੱਚ ਸਜਾਵਟੀ ਮੱਛੀ ਨੂੰ ਅਰਾਮਦਾਇਕ ਸਥਿਤੀ (ਤਾਪਮਾਨ ≥ 25°C) ਵਿੱਚ ਰੱਖਣ ਲਈ ਹੀਟਰ ਦਾ ਹੋਣਾ ਬਹੁਤ ਜਰੂਰੀ ਹੈ - **ਸਰਦੀਆਂ ਦਾ ਮੌਸਮ ਸ਼ੁਰੂ ਹੁੰਦਿਆਂ ਹੀ ਐਕੁਏਰੀਅਮ ਵਿੱਚ ਹੀਟਰ (ਥਰਮੋਸਟੈਟ) ਲਗਾ ਕੇ ਪਾਣੀ ਦੇ ਤਾਪਮਾਨ ਨੂੰ 25-27°C ਤੇ ਰੱਖੋ।**

ਹੀਟਰ

- ਤਾਪਮਾਨ ਵਧਾਉਣ ਲਈ ਐਕੁਏਰੀਅਮ ਨੂੰ ਸੂਰਜ ਦੀ ਸਿੱਧੀ ਰੌਸ਼ਨੀ ਵਿੱਚ ਰੱਖਣ ਨਾਲ ਐਲਗੀ (ਹਰਾਪਣ) ਬਣ ਜਾਂਦੀ ਹੈ, ਜੋ ਕਿ ਸਜਾਵਟ ਲਈ ਰੱਖੀ ਮੱਛੀ ਲਈ ਲੋੜੀਂਦੀ ਨਹੀ - **ਸਜਾਵਟੀ ਮੱਛਆਂ ਦੇ ਐਕੁਏਰੀਅਮ ਨੂੰ ਕਦੇ ਵੀ ਸਿੱਧੀ ਸੂਰਜ ਦੀ ਰੌਸ਼ਨੀ ਵਿੱਚ ਨਾ ਰੱਖੋ**
- ਮੱਛੀਆਂ ਨੂੰ ਫੁਰਤੀਲਾ ਰਹਿਣ ਲਈ ਵਾਧੂ ਰੌਸ਼ਨੀ ਦੀ ਜਰੂਰਤ ਨਹੀਂ, ਦਿਨ ਵੇਲੇ ਦੀ ਕੁਦਰਤੀ ਰੌਸ਼ਨੀ ਹੀ ਮੱਛੀ ਲਈ ਬਹੁਤੇਰੀ ਹੈ - **ਐਕੁਏਰੀਅਮ ਵਿੱਚ ਕੁਦਰਤੀ ਪੌਦੇ ਹੋਣ ਤੇ ਹੀ 6-7 ਘੰਟੇ ਲਈ ਲਾਈਟ ਜਗਾਓ, ਨਹੀ ਤਾਂ ਸਿਰਫ ਮੱਛੀਆਂ ਨੂੰ ਜਾਂਚਣ ਅਤੇ ਖੁਰਾਕ ਦੇਣ ਸਮੇਂ ਹੀ ਲਾਈਟ ਜਗਾਓ**

ਪਲਾਂਟਿੱਡ ਐਕੁਏਰੀਅਮ ਵਿੱਚ ਲਾਈਟ



- ਮੱਛੀ ਹਵਾ ਵਿੱਚੋਂ ਸਾਹ ਨਹੀ ਲੈ ਸਕਦੀ ਅਤੇ ਸਿਰਫ ਪਾਣੀ ਵਿੱਚ ਘੁਲੀ ਆਕਸੀਜਨ ਤੇ ਹੀ ਨਿਰਭਰ ਕਰਦੀ ਹੈ - **ਐਕੁਏਰੀਅਮ ਵਿੱਚ ਮੱਛੀ ਲਈ ਆਕਸੀਜਨ ਦੀ ਪੂਰਤੀ ਕਰਨ ਲਈ ਹਰ ਵੇਲੇ (ਦਿਨ-ਰਾਤ) ਏਰੀਏਟਰ ਚਲਾਓ**

ਏਰੀਏਟਰ




- ਫਿਲਟਰ ਦੇ ਸਹੀ ਕੰਮ ਨਾਂ ਕਰਨ ਤੇ ਐਕੁਏਰੀਅਮ ਵਿੱਚ ਅਣਚਾਹੇ ਵਿਅਰਥ ਪਦਾਰਥ ਜਮਾਂ ਹੋਣ ਕਰ ਕੇ ਪਾਣੀ ਦਾ ਰੰਗ ਧੁਧੰਲਾ, ਚਿੱਟਾ ਜਾਂ ਹਰਾ ਹੋ ਜਾਂਦਾ ਹੈ, ਜੋ ਕਿ ਮੱਛੀ ਦੀ ਸਿਹਤ ਲਈ ਠੀਕ ਨਹੀ ਹੈ - **ਫਿਲਟਰ ਨੂੰ ਨਿਯਮਤ ਤੌਰ ਤੇ ਜਾਂਚਦੇ ਰਹੋ**




ਧੁੰਦਲਾ ਚਿੱਟਾ ਹਰਾ


- ਐਕੁਏਰੀਅਮ ਦੇ ਪਾਣੀ ਦੀ ਅਦਲਾ-ਬਦਲੀ ਲਈ ਹਮੇਸ਼ਾਂ ਕਲੋਰੀਨ ਰਹਿਤ ਅਤੇ ਪੁਰਾਣਾ ਪਾਣੀ ਹੀ ਵਰਤੋ - **ਪਾਣੀ ਨੂੰ ਬਾਰ ਬਾਰ ਨਾਂ ਬਦਲੋ, ਕਿਉਂਕਿ ਇਸ ਨਾਲ ਐਕੁਏਰੀਅਮ ਵਿੱਚ ਚਲ ਰਿਹਾ ਜੈਵਿਕ ਚੱਕਰ ਭੰਗ ਹੋ ਜਾਂਦਾ ਹੈ**



- ਐਕੁਏਰੀਅਮ ਵਿੱਚ ਰੱਖੀ ਮੱਛੀ ਨੂੰ ਦਿਨ ਵਿੱਚ ਦੋ ਵਾਲ ਮਿੱਥੇ ਸਮੇਂ ਤੇ ਹੀ ਬਜਾਰ ਵਿੱਚ ਉਪਲੱਬਧ ਵਧੀਆ ਕੁਆਲਿਟੀ ਦੀ ਖੁਰਾਕ ਹੀ ਦਿਓ - **ਲੋੜ ਤੋਂ ਵੱਧ ਖੁਰਾਕ, ਘੱਟ ਖੁਰਾਕ ਦੇਣ ਨਾਲੋਂ ਜਿਆਦਾ ਨੁਕਸਾਨਦਾਇਕ ਹੈ**



ਜੇ ਸਰਦੀਆਂ ਵਿੱਚ
ਮੇਰੀ ਹੋਵੇਗੀ ਸਾਂਭ ਸੰਭਾਲ,
ਤਾਂ ਮੈਂ ਰਹਾਂਗੀ ਖੁਸ਼!!!!!!!



**ਵਨੀਤ ਇੰਦਰ ਕੌਰ**

# ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਦੀਆਂ ਪ੍ਰਕਾਸ਼ਨਾਵਾਂ






ਵਧੇਰੇ ਜਾਣਕਾਰੀ ਲਈ :



website : www.gadvasu.in

## ਯੂਨੀਵਰਸਿਟੀ ਵੱਲੋਂ ਵਿਕਸਿਤ ਤਕਨੀਕਾਂ ਅਤੇ ਪਸ਼ੂ ਪਾਲਣ ਸਬੰਧੀ ਵਧੇਰੇ ਜਾਣਕਾਰੀ ਲੈਣ ਲਈ ਯੂਨੀਵਰਸਿਟੀ ਦਾ ਯੂਟਿਊਬ ਚੈਨਲ ਸਬਸਕਰਾਇਬ ਕਰੋ।

youTube channel : GADVASU farmer friendly e-extension

Link : https://www.youtube.com/channel/UC9AjRDWL7cNb36fwp5mN6Zg